# ਮਾਲ੍ਹਾਂ ਭਾਈ ਦਰਬਾਰੀ

ਸੰਪਾਦਕ

## ਜਥੇਦਾਰ ਕਿਰਪਾਲ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

PB
928.914 2
K 638 M

K 638 M

*INDIAN INSTITUTE OF*
*ADVANCED STUDY*
*LIBRARY SHIMLA*

# ਮਾਝਾਂ ਭਾਈ ਦਰਬਾਰੀ

Majhan Bhai Darbari

ਸੰਪਾਦਕ edited by

ਜਥੇਦਾਰ ਕ੍ਰਿਪਾਲ ਸਿੰਘ

Kirpal Singh


PUNJABI UNIVERSITY PATIALA

ਪਬਲੀਕੇਸ਼ਨ ਬਿਊਰੋ Publication Bureau

ਪੰਜਾਬੀ ਯੂਨੀਵਰਸਿਟੀ, ਪਟਿਆਲਾ

Punjabi University, Patiala

©
ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

1988
ਪਹਿਲੀ ਵਾਰ : 500
ਮੁੱਲ : 14-50

PB
928.914 2
K 638 M

Acc. No 77029
Date 14.10.91

Library IIAS, Shimla
P 928.9142 K 638 M
00077029

ਸਰਦਾਰ ਤੀਰਥ ਸਿੰਘ ਐਲ-ਐਲ. ਐਮ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ
ਪ੍ਰਕਾਸ਼ਿਤ ਕੀਤੀ ਤੇ ਵੈਸਟਰਨ ਪ੍ਰਿੰਟਰਜ਼, ਅਨਾਰਦਾਨਾ ਚੌਕ ਪਟਿਆਲਾ ਵਿਖੇ ਛਪੀ ।

# ਤਤਕਰਾ


1. ਭੂਮਿਕਾ 1
2. ਮਾੜ੍ਹਾਂ ਭਾਈ ਦਰਬਾਰੀ (ਮੂਲ ਪਾਠ) 17

# ਭੂਮਿਕਾ

ਪੰਜਾਬੀ ਸਾਹਿਤ ਅਤੇ ਸਿੱਖ ਸਾਹਿਤ ਵਿਚ ਬਹੁਤ ਸਾਰੇ ਕਵੀ ਤੇ ਲੇਖਕ ਅਣਗੌਲੇ ਹੀ ਰਹੇ ਹਨ। ਉਨ੍ਹਾਂ ਵਿਚ ਭਾਈ ਦਰਬਾਰੀ ਦਾ ਨਾਮ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ। ਉਨ੍ਹੀਵੀਂ ਸਦੀ ਬਿਕ੍ਰਮੀ ਦਾ ਇਹ ਮਹਾਨ ਕਵੀ (ਜਿਸ ਨੇ ਬਹੁਤ ਵੱਡੇ ਆਕਾਰ ਦਾ 'ਹਰਿ ਜਸ' ਨਾਮ ਦਾ ਗ੍ਰੰਥ ਕਾਵਿ ਵਿਚ ਲਿਖਿਆ) ਦੋ ਸੌ ਸਾਲ ਤਕ ਕਾਵਿ ਪ੍ਰੇਮੀਆਂ ਦੀਆਂ ਨਜ਼ਰਾਂ ਤੋਂ ਉਹਲੇ ਰਿਹਾ। ਇਸ ਦਾ ਇਕ ਕਾਰਣ ਜੋ ਮੇਰੀ ਸਮਝ ਪਿਆ ਉਹ ਇਹ ਹੈ ਕਿ ਭਾਈ ਦਰਬਾਰੀ ਦਾ ਸੰਬੰਧ ਮਿਹਰਵਾਨੀ ਸੰਪ੍ਰਦਾਇ ਨਾਲ ਹੈ। ਸਿੱਖ ਇਤਿਹਾਸ ਵਿਚ ਪ੍ਰਿਥੀ ਚੰਦ ਨੂੰ ਭਾਈ ਗੁਰਦਾਸ ਨੇ ਮੀਣਾ ਲਿਖਿਆ ਹੈ ਜਿਸ ਕਰਕੇ ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਤੇ ਉਸ ਦੇ ਪੁੱਤਰਾਂ ਹਰਿ ਜੀ ਤੇ ਚਤਰਭੁਜ ਦੀਆਂ ਰਚਨਾਵਾਂ ਨੂੰ ਸਿੱਖ ਇਤਿਹਾਸਕਾਰਾਂ ਨੇ ਮੀਣਿਆਂ ਦੀ ਬਾਣੀ ਲਿਖਿਆ ਹੈ ਤੇ ਉਨ੍ਹਾਂ ਵੱਲੋਂ ਰਚੀ ਗਈ ਕਾਵਿ ਵਿਚ ਗੁਰੂ ਬਾਣੀ ਦੇ ਮੁਕਾਬਲੇ ਤੇ ਜਪੁ, ਬਾਵਨ ਅਖਰੀਂ, ਸੁਖਮਨੀ, ਆਸਾ ਦੀ ਵਾਰ, ਤਿਲੰਗ ਦੀ ਵਾਰ, ਤੇ ਹੋਰ ਸ਼ਬਦ ਸਲੋਕ ਵੀ ਲਿਖੇ ਗਏ ਜਿਨ੍ਹਾਂ ਵਿਚ ਗੁਰਬਾਣੀ ਵਾਂਗ ਨਾਨਕ, ਨਾਨਕ ਦਾਸ ਤੇ ਨਾਨਕ ਜਨ ਆਦਿ ਕਾਵਿ ਛਾਪ ਅਤੇ ਮਿਹਰਵਾਨ ਦੀ ਰਚਨਾ ਦੇ ਆਰੰਭ ਵਿਚ ਮਹਲਾ ੭ ਤੇ ਹਰਿ ਜੀ ਦੀ ਰਚਨਾ ਦੇ ਆਰੰਭ ਵਿਚ ਮਹਲਾ ੮ ਦੀ ਵਰਤੋਂ ਅਣਜਾਣ ਪਾਠਕਾਂ ਤੇ ਸ੍ਰੋਤਿਆਂ ਨੂੰ ਗੁਰੂ ਨਾਨਕ ਬਾਣੀ ਹੋਣ ਦਾ ਭੁਲੇਖਾ ਪਾਉਂਦੀ ਰਹੀ ਹੈ।

ਭਾਵੇਂ ਭਾਈ ਦਰਬਾਰੀ ਜੀ ਨੇ ਵੀ ਮਿਹਰਵਾਨ ਤੇ ਹਰਿ ਜੀ ਵਾਂਗ ਹੀ ਜਪੁਜੀ ਦੀ ਤਰਜ਼ ਤੇ ੩੮ ਪਉੜੀਆਂ ਤੇ ਸਲੋਕ, ਸੁਖਮਨੀ, ਬਾਰਹ ਮਾਹ, ਬਾਵਨ ਅਖਰੀਂ ਤੇ ਸਲੋਕ ਆਦਿ ਲਿਖੇ ਹਨ ਪਰ ਉਨ੍ਹਾਂ ਵਾਂਗ ਨਾਨਕ, ਨਾਨਕ ਦਾਸ, ਨਾਨਕ ਜਨ ਪਦ ਤੇ ਮਹਲਾ ਆਦਿ ਦੀ ਵਰਤੋਂ ਨਹੀਂ ਕੀਤੀ, ਸਗੋਂ ਆਪਣੀਆਂ ਰਚਨਾਵਾਂ ਵਿਚ 'ਨਾਨਕ ਪੰਥੀ ਜਨ ਦਰਬਾਰੀ' ਜਾਂ 'ਨਾਨਕ ਪੰਥੀ ਭਣੇ ਦਰਬਾਰੀ' ਕਾਵਿ ਛਾਪ ਵਰਤ ਕੇ ਗੁਰੂ ਨਾਨਕ ਦੇਵ ਜੀ ਦਾ ਸਿੱਖ ਅਖਵਾਉਣ ਨੂੰ ਤਰਜੀਹ ਦਿੱਤੀ ਹੈ। ਫਿਰ ਵੀ ਗੁਰੂਬਾਣੀ ਵਾਂਗ ਰਾਗਾਂ ਵਿਚ ਰਚਨਾ ਕਰਦਿਆਂ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਅਸਟਪਦੀਆਂ ਆਦਿ ਦਾ ਲਿਖਣਾ ਪਾਠਕਾਂ ਨੂੰ ਗੁਰਬਾਣੀ ਹੋਣ ਦਾ ਭੁਲੇਖਾ ਪਾਉਂਦਾ ਹੈ। ਮੀਣਿਆਂ ਦੀ ਸੰਪ੍ਰਦਾਇ ਨਾਲ ਸੰਬੰਧ ਹੋਣ ਕਰਕੇ ਹੀ ਭਾਈ ਦਰਬਾਰੀ ਦੀ ਰਚਨਾ ਨੂੰ ਵੀ ਮੀਣਿਆਂ ਦੀ ਬਾਣੀ ਸਮਝਿਆ ਗਿਆ। ਇਹੋ ਕਾਰਣ ਹੈ ਕਿ ਇਸ ਹਰਿ ਜਸ ਗ੍ਰੰਥ ਦਾ ਵਧੇਰੇ ਫੈਲਾਉ ਨਹੀਂ ਹੋ ਸਕਿਆ। ਸਿਰਫ਼ ਇਸ ਗ੍ਰੰਥ ਦੀ ਇਕੋ ਇਕ ਹੱਥ ਲਿਖਤ ਪ੍ਰਤੀ ਪਿੰਡ ਵੈਰੋਕੇ ਦੇ ਗੁਰਦੁਆਰਾ ਭਾਈ ਦਰਬਾਰੀ ਜੀ ਵਿਖੇ ਸੁਰੱਖਿਅਤ ਹੈ। ਖੋਜੀ ਸਿੱਖ ਵਿਦਵਾਨਾਂ ਨੇ ਵੀ ਇਸੇ ਕਰਕੇ ਭਾਈ ਦਰਬਾਰੀ ਜੀ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਵੀ ਜ਼ਿਕਰ ਤਕ ਨਹੀਂ ਕੀਤਾ, ਜਿਵੇਂ ਕਿ :

ਮੇਰੇ ਪਿਤਾ ਸ੍ਰ. ਮੱਲ ਸਿੰਘ ਜੀ ਦਸਦੇ ਸਨ ਕਿ ਮਹਾਨ ਕੋਸ਼ ਦਾ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਇਕ ਵਾਰ ਕਾਰ ਤੇ ਵੈਰੋਕੇ ਆਇਆ ਤੇ ਸਾਰਾ ਦਿਨ ਭਾਈ ਦਰਬਾਰੀ ਦੇ ਗੁਰਦੁਆਰੇ ਇਸ 'ਹਰਿ ਜਸ' ਗ੍ਰੰਥ ਦਾ ਅਧਿਐਨ ਕਰਦਾ ਰਿਹਾ ਪਰ ਹੈਰਾਨੀ ਦੀ ਗੱਲ ਹੈ ਕਿ ਉਸ ਨੇ ਹੋਰ ਹਿੰਦੂ ਮੁਸਲਮਾਨ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਤਾਂ ਬਹੁਤ ਕੁਝ ਲਿਖਿਆ ਹੈ ਪਰ ਮਹਾਨ ਕੋਸ਼ ਵਿਚ ਭਾਈ ਦਰਬਾਰੀ ਬਾਰੇ ਕੁਝ ਵੀ ਨਹੀਂ ਲਿਖਿਆ। ਭਾਈ ਕਾਨ੍ਹ ਸਿੰਘ ਜੀ ਨਾਭਾ ਵੱਲੋਂ ਬਾਅਦ ਵਿਚ ਲਿਖੀ ਗਈ ਪੁਸਤਕ 'ਗੁਰੂ ਮਹਿਮਾ ਰਤਨਾਵਲੀ' ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ 1984 ਈ. ਵਿਚ ਛਾਪੀ ਗਈ ਦੇ ਪੰਨਾ 281 ਉਪਰ ਦਰਬਾਰੀ ਭਾਈ ਦੇ ਸਿਰਲੇਖ ਹੇਠ ਸੰਖੇਪ ਜਿਹੀ ਜਾਣਕਾਰੀ ਤੇ ਦੋ ਛੰਦ, ਇਕ ਸਲੋਕ ਤੇ ਇਕ ਸਵੱਯਾ ਦਿੱਤਾ ਹੈ।

ਡਾ. ਗੁਰਚਰਨ ਸਿੰਘ 'ਸੇਕ' ਬੇਦੀ ਨਗਰ ਮੋਗਾ, ਜ਼ਿਲ੍ਹਾ ਫ਼ਰੀਦਕੋਟ ਨੇ ਪੀ-ਐਚ. ਡੀ. ਦੀ ਡਿਗਰੀ ਲਈ ਭਾਈ ਦਰਬਾਰੀ ਰਚਿਤ 'ਪਰਚੀਆਂ ਭਗਤਾਂ ਕੀਆਂ' ਉਪਰ ਖੋਜ ਪ੍ਰਬੰਧ 1979 ਈ. ਵਿਚ ਲਿਖਿਆ ਜਿਸ ਦੇ ਨਿਗਰਾਨ ਡਾ. ਪਿਆਰ ਸਿੰਘ ਜੀ ਪ੍ਰੋਫ਼ੈਸਰ ਤੇ ਮੁੱਖੀ (ਭੂਤ ਪੂਰਵ) ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਨ। ਇਸ ਵਿਚ ਭਾਈ ਦਰਬਾਰੀ ਦੇ ਜੀਵਨ ਤੇ ਰਚਨਾਵਾਂ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਹੈ। ਵਧੇਰੇ ਖੋਜ 'ਪਰਚੀਆਂ ਭਗਤਾਂ ਕੀਆਂ' ਉਪਰ ਕੀਤੀ ਹੈ। ਇਹ ਪੁਸਤਕ ਅਜੇ ਅਪ੍ਰਕਾਸ਼ਿਤ ਹੈ। ਡਾ. ਜਸਬੀਰ ਸਿੰਘ 'ਸਾਬਰ' ਵੱਲੋਂ ਸੰਪਾਦਿਤ 'ਭਗਤ ਰਵਿਦਾਸ ਸ੍ਰੋਤ ਪੁਸਤਕ' ਦੇ ਪੰਨਾ 82 ਤੋਂ 85 ਤਕ ਭਾਈ ਦਰਬਾਰੀ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਸੰਖੇਪ ਪਰ ਭਾਵ ਪੂਰਤ ਜਾਣਕਾਰੀ ਦਾ ਵਰਣਨ ਹੈ। ਅਗੋਂ ਪੰਨਾ 86 ਤੋਂ 121 ਪੰਨੇ ਤਕ 36 ਪੰਨਿਆਂ ਉਪਰ ਭਾਈ ਦਰਬਾਰੀ ਲਿਖਤ 'ਪਰਚੀਆਂ ਭਗਤਾਂ ਕੀਆਂ' ਵਿਚੋਂ ਕੇਵਲ ਭਗਤ ਰਵਿਦਾਸ ਜੀ ਦੀ ਪਰਚੀ ਦਾ ਮੂਲ ਪਾਠ ਹੈ ਜੋ ਕੁਲ 379 ਛੰਦਾਂ ਵਿਚ ਰਚੀ ਗਈ ਕਾਵਿ ਰਚਨਾ ਹੈ ਜੋ 1984 ਈ. ਵਿਚ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਾਪੀ ਗਈ ਹੈ। ਇਸ ਰਚਨਾ ਦਾ ਮੂਲ ਪਾਠ ਅਸਲ ਪੁਸਤਕ ਦੇ ਪੱਤ੍ਰਾ 668/ਅ ਤੋਂ 692/ਅ ਤਕ ਉਪਲਬਧ ਹੈ।

1965 ਈ. ਵਿਚ ਕੁਝ ਦਿਨ ਆਪਣੇ ਜਨਮ ਨਗਰ ਪਿੰਡ ਵੈਰੋਕੇ ਰਹਿ ਕੇ ਮੈਂ ਭਾਈ ਦਰਬਾਰੀ ਜੀ ਦੀਆਂ ਰਚਨਾਵਾਂ ਮਾਝਾਂ, ਸਤਵਾਰਾ, ਕਬਿਤ ਸਵੱਯੇ ਗੁਰਦੇਵ ਕੇ ਅੰਗ, ਛਪੇ ਤੇ ਸਲੋਕਾਂ ਦਾ ਉਤਾਰਾ ਕਰਕੇ ਲਿਆਇਆ ਸਾਂ। ਵਿਚਾਰ ਇਹ ਸੀ ਕਿ ਭਾਈ ਦਰਬਾਰੀ ਜੀ ਦੀਆਂ ਸਾਰੀਆਂ ਫੁਟਕਲ ਰਚਨਾਵਾਂ ਨੂੰ ਸੰਪਾਦਨ ਕਰਕੇ ਛਾਪਣ ਦਾ ਯਤਨ ਕਰਾਂਗਾ। ਪਰ ਅਰਥ-ਕੋਸ਼, ਤਵਾਰੀਖ਼ ਗੁਰੂ ਖ਼ਾਲਸਾ ਵਿਚੋਂ ਗੁਰੂ ਨਾਨਕ ਜੀਵਨ ਵਾਰਤਕ ਅਤੇ ਸ੍ਰੀ ਗੁਰੂ ਪੰਥ ਪ੍ਰਕਾਸ਼ (ਕਾਵਿ) ਕ੍ਰਿਤ ਗਿਆਨੀ ਗਿਆਨ ਸਿੰਘ ਦੀ ਸੰਪਾਦਨਾ ਅਤੇ 'ਗੁਰਮੁਖ ਦਰਸ਼ਨ' ਜੀਵਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਆਦਿ ਪੁਸਤਕਾਂ ਦੇ ਲਿਖਣ ਤੇ ਛਾਪਣ ਦਾ ਇੰਨਾ ਕੰਮ ਸੀ ਕਿ ਮੈਂ ਇਸ ਪਾਸੇ ਪੂਰਾ ਧਿਆਨ ਨਾ ਦੇ ਸਕਿਆ।

ਡਾਕਟਰ ਪਿਆਰ ਸਿੰਘ ਜੀ ਅਤੇ ਡਾਕਟਰ ਬਲਕਾਰ ਸਿੰਘ ਜੀ ਨੇ ਇਕ ਦਿਨ ਮੇਰੇ ਗ੍ਰਿਹਿ ਵਿਖੇ ਦਰਸ਼ਨ ਦਿੱਤੇ ਤੇ ਉਨ੍ਹਾਂ ਨੇ ਭਾਈ ਦਰਬਾਰੀ ਜੀ ਦੀਆਂ ਫੁਟਕਲ ਰਚਨਾਵਾਂ ਦੇ ਛਾਪਣ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੇ ਫ਼ੈਸਲੇ ਤੋਂ

ਮੈਨੂੰ ਜਾਣੂ ਕਰਵਾਇਆ ਤੇ ਮੈਨੂੰ ਫਿਲਹਾਲ ਮਾਝਾਂ ਭਾਈ ਦਰਬਾਰੀ ਸੰਪਾਦਨ ਕਰਕੇ ਭੇਜਣ ਲਈ ਕਿਹਾ। ਉਨ੍ਹਾਂ ਦੀ ਆਗਿਆ ਅਨੁਸਾਰ ਮੈਂ ਇਹ ਕਾਰਜ ਸੰਪੂਰਨ ਕਰਕੇ ਭੇਜ ਦਿਤਾ ਹੈ। ਇਸ ਵਿਚ ਭਾਈ ਦਰਬਾਰੀ ਜੀ ਦੀ ਸੰਪ੍ਰਦਾਈ ਪ੍ਰਵਾਈ, ਉਨ੍ਹਾਂ ਦਾ ਸੰਖੇਪ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਜੋ ਹਰਿ ਜਸ ਗ੍ਰੰਥ ਵਿਚ ਉਪਲਬਧ ਹਨ, ਬਾਰੇ ਸੰਖੇਪ ਵਰਣਨ ਹੈ। ਉਪਰੰਤ ਮਾਝਾਂ ਭਾਈ ਦਰਬਾਰੀ ਦਾ ਮੂਲ ਪਾਠ ਤੇ ਪੈਰ ਟੂਕਾਂ ਵਿਚ ਪਦ ਅਰਥ, ਅਰਥ ਤੇ ਟਿਪਣੀਆਂ ਲਿਖ ਦਿੱਤੀਆਂ ਹਨ।

ਡਾ. ਸ਼ਮਸ਼ੇਰ ਸਿੰਘ ਨੇ ਇਸ ਪੁਸਤਕ ਦੇ ਪਰੂਫ ਪੜ੍ਹੇ ਹਨ, ਉਨ੍ਹਾਂ ਦਾ ਧੰਨਵਾਦ ਹੈ।

**ਕਿਰਪਾਲ ਸਿੰਘ**

ਜਥੇਦਾਰ (ਸਾਬਕਾ), ਸ੍ਰੀ ਅਕਾਲ ਤਖ਼ਤ ਸਾਹਿਬ, ਅਤੇ
ਹੈੱਡ ਗ੍ਰੰਥੀ (ਸਾਬਕਾ), ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ

# ਭੂਮਿਕਾ

## ਰਚੈਤਾ ਤੇ ਸੰਪ੍ਰਦਾਇ

ਭਾਈ ਦਰਬਾਰੀ ਆਪਣੇ ਸਮੇਂ 'ਚ ਪ੍ਰਸਿੱਧ ਵਿਦਵਾਨ, ਮਹਾਂਕਵੀ, ਸੰਤ ਤੇ ਸਿੱਖ ਭਾਸ਼ਾ ਵਿਚ 'ਭਾਈ' ਹੋ ਗੁਜ਼ਰੇ ਹਨ। ਉਨ੍ਹਾਂ ਨੇ ਆਪਣੀ ਰਚਨਾ ਵਿਚ ਆਪਣਾ ਸੰਬੰਧ ਮਿਹਰਵਾਨ ਦੀ ਸੰਪ੍ਰਦਾਇ ਨਾਲ ਦਰਸਾਇਆ ਹੈ। ਇਸ ਕਰਕੇ ਆਪ ਦੇ ਜੀਵਨ ਸਮਾਚਾਰਾਂ ਤੋਂ ਪਹਿਲਾਂ ਮਿਹਰਵਾਨ ਸੰਪ੍ਰਦਾਇ ਦਾ ਸੰਖੇਪ ਜ਼ਿਕਰ ਕਰਨਾ ਮੁਨਾਸਿਬ ਹੋਵੇਗਾ।

## ਸੰਪ੍ਰਦਾਇ

ਮਿਹਰਵਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭ੍ਰਾਤਾ ਪ੍ਰਿਥੀ ਚੰਦ ਦਾ ਪੁੱਤਰ ਸੀ ਜਿਸ ਨੇ ਬਚਪਨ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਵਿਚ ਗੁਰਮਤਿ ਵਿਦਿਆ ਪ੍ਰਾਪਤ ਕੀਤੀ ਤੇ ਲਿਖਾਰੀ ਬਣਿਆ। 1663 ਬਿ. (1606 ਈ.) ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਤਾ ਗੱਦੀ ਦੇ ਮਾਲਕ ਬਣੇ ਤਾਂ ਪ੍ਰਿਥੀ ਚੰਦ ਨੇ ਵੀ ਆਪਣੇ ਆਪ ਨੂੰ ਛੇਵਾਂ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ ਤੇ ਆਮ ਲੋਕਾਂ ਵਿਚ ਇਹ ਗੱਲ ਧੁਮਾ ਦਿੱਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਪੋਥੀ ਤੇ ਮਾਲਾ ਮੈਨੂੰ ਦੇ ਗਏ ਹਨ ਤੇ ਆਪਣੀ ਪੱਗ ਮੇਰੇ ਸਿਰ ਬਨ੍ਹਵਾ ਗਏ ਹਨ ਜਦੋਂ ਕਿ ਸ੍ਰੀ ਗੁਰੂ ਹਰਿਗੋਬਿੰਦ ਨੂੰ ਨਵਾਂ ਤਿਆਰ ਕੀਤਾ ਗ੍ਰੰਥ ਸੌਂਪਕੇ ਤੇਗ ਪਹਿਨਾ ਗਏ ਹਨ। ਉਪਰੋਕਤ ਕਥਨ ਦਾ ਪਤਾ ਭਾਈ ਦਰਬਾਰੀ ਜੀ ਨੇ ਆਪਣੀ ਰਚਨਾ ਵਿਚ ਇਉਂ ਦਿਤਾ ਹੈ :

ਪੋਥੀ ਮਾਲਾ ਕਰੀ ਹਵਾਲੇ, ਸਿਰ ਆਪਣੀ ਪਾਗ ਬੰਧਾਈ ਜੀ। 6।
ਗੁਰੂ ਹਰਿਗੋਬਿੰਦ ਕਉ ਦੀਆ ਗਰੰਥ ਤੇਗ ਬੰਧਾਇ ਬਤਾਇਆ ਪੰਥ।
ਸਬਦ ਥਾਪਨਾ ਦੇ ਗੁਰ ਸਾਹਿਬ, ਸੰਗਤ ਚਰਨੀਂ ਲਾਈ ਜੀ। 7।

(ਹਰਿਜਸ, ਪੱਤ੍ਰਾ 225)

ਮਿਹਰਵਾਨ ਸੰਪ੍ਰਦਾਇ ਵਿਚ "ਗੁਰੂ ਸਾਹਿਬ" ਦਾ ਭਾਵ "ਪ੍ਰਿਥੀ ਚੰਦ" ਹੈ। ਭਾਈ ਦਰਬਾਰੀ ਨੇ ਵੀ ਆਪਣੇ ਮੰਗਲਾਂ ਵਿਚ ਪ੍ਰਿਥੀ ਚੰਦ ਦੀ ਥਾਂ ਗੁਰੂ ਸਾਹਿਬ ਪਦ ਹੀ ਵਰਤਿਆ ਹੈ। ਪ੍ਰਿਥੀ ਚੰਦ ਨੇ ਅੰਮ੍ਰਿਤਸਰ ਤੋਂ ਇਲਾਵਾ ਹੇਹਰ, ਜ਼ਿਲਾ ਲਾਹੌਰ, ਅਤੇ ਮਾਲਵੇ ਵਿਚ ਕੋਠਾ ਗੁਰੂ ਵਿਖੇ ਆਪਣੀ ਸੰਪ੍ਰਦਾਇ ਦੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਪ੍ਰਿਥੀ ਚੰਦ ਦੇ ਜਿਉਂਦਿਆਂ ਗੁਰਤਾ ਗੱਦੀ ਦੇ ਪ੍ਰਚਾਰ ਤੇ ਲਿਖਣ ਦਾ ਕੰਮ ਮਿਹਰਵਾਨ ਹੀ ਕਰਦਾ ਰਹਿਆ। 1775 ਬਿ. (1619 ਈ.) ਵਿਚ ਪ੍ਰਿਥੀ ਚੰਦ ਦਾ ਦੇਹਾਂਤ ਹੇਹਰ ਪਿੰਡ ਵਿਖੇ ਹੋਇਆ।

ਪ੍ਰਿਥੀ ਚੰਦ ਤੋਂ ਬਾਅਦ ਮਿਹਰਵਾਨ, ਜਿਸ ਦਾ ਅਸਲ ਨਾਮ ਮਨੋਹਰ ਦਾਸ ਸੀ, ਇਸ ਗੱਦੀ ਦਾ ਮਾਲਕ ਬਣਿਆ। ਇਸ ਨੇ ਮਾਲਵੇ, ਮਾਝੇ, ਦੁਆਬੇ, ਹਰਿਆਣੇ, ਤੇ ਪਹਾੜੀ ਇਲਾਕਿਆਂ ਵਿਚ ਪ੍ਰਚਾਰ ਦੌਰੇ ਕੀਤੇ। ਇਸ ਤੋਂ ਇਲਾਵਾ ਸਾਖੀਆਂ, ਗੋਸ਼ਟਾਂ ਤੇ ਗੁਰਬਾਣੀ

ਦੇ ਪਰਮਾਰਥ ਆਦਿ ਕਾਫੀ ਮਾਤ੍ਰਾ ਵਿਚ ਰਚੇ । ਉਹ 1696 ਬਿ. (1639 ਈ.) ਵਿਚ ਸਰੀਰ ਛੱਡ ਗਇਆ । ਉਸ ਸਮੇਂ ਉਸ ਦੀ ਉਮਰ ਪੂਰੇ 59 ਵਰ੍ਹੇ ਸੀ । ਮਿਹਰਵਾਨ ਤੋਂ ਮਗਰੋਂ ਇਸ ਦੇ ਵਿਚਕਾਰਲੇ ਪੁੱਤਰ, ਹਰਿ ਜੀ ਨੇ ਇਹ ਗੱਦੀ ਸੰਭਾਲੀ । ਇਹ ਬਹੁਤ ਚਤੁਰ ਤੇ ਵਿਦਵਾਨ ਪੁਰਖ ਸੀ । 1691 ਬਿ. (1634 ਈ.) ਦੇ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਜਾ ਵਸੇ ਤੇ ਫਿਰ ਅੰਮ੍ਰਿਤਸਰ ਵਾਪਸ ਨ ਆਏ, ਜਿਸ ਕਰਕੇ ਹਰਿ ਜੀ ਨੇ ਆਪਣੀ ਸੰਪ੍ਰਦਾਇ ਦੀ ਵਾਗ ਡੋਰ ਸੰਭਾਲਦਿਆਂ ਹੀ ਸ੍ਰੀ ਹਰਿਮੰਦਰ ਸਾਹਿਬ ਉਪਰ ਆਪਣਾ ਕਬਜ਼ਾ ਜਮਾ ਲਇਆ । ਸ੍ਰੀ ਗੁਰੂ ਹਰਿ ਰਾਇ ਸਾਹਿਬ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਵੀ ਜੀਵਨ ਭਰ ਉਧਰ ਹੀ ਰਹੇ ਜਿਸ ਕਰਕੇ ਹਰਿ ਜੀ ਦਾ ਕਬਜ਼ਾ ਇੰਨਾ ਪੱਕਾ ਹੋ ਗਇਆ ਕਿ ਜਦ 1721 ਬਿ. (1669 ਈ.) ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਨੂੰ ਆਏ ਤਾਂ ਹਰਿ ਜੀ ਦੇ ਪੁਜਾਰੀਆਂ ਤੇ ਮਸੰਦਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ ਜਿਸ ਕਾਰਨ ਗੁਰੂ ਜੀ ਬਾਹਰੋਂ ਹੀ ਕੜ੍ਹਾਹ ਪ੍ਰਸ਼ਾਦ ਦੀ ਅਰਦਾਸ ਕਰਕੇ ਤੇ ਮਥਾ ਟੇਕ ਕੇ ਵਾਪਸ ਚਲੇ ਗਏ ।

1696 ਤੋਂ 1753 ਬਿ. ਤਕ ਪੂਰੇ 57 ਸਾਲ ਹਰਿ ਜੀ ਹਰਿਮੰਦਰ ਸਾਹਿਬ ਉਪਰ ਕਾਬਜ਼ ਰਹਿਆ । ਉਹ 1753 ਬਿ. (1696 ਈ.) ਨੂੰ ਪਰਲੋਕ ਗਮਨ ਕਰ ਗਇਆ ।

ਹਰਿ ਜੀ ਦੇ ਦੇਹਾਂਤ ਉਪਰੰਤ ਉਸ ਦੇ ਤਿੰਨ ਪੁੱਤਰਾਂ, ਨਿਰੰਜਨ ਰਾਇ, ਹਰਿ ਗੋਪਾਲ ਤੇ ਕਉਲ ਨੈਨ ਵਿਚ ਗੱਦੀ ਲਈ ਝਗੜਾ ਹੋ ਗਇਆ । ਨਿਰੰਜਨ ਰਾਇ ਵੱਡਾ ਪੁੱਤਰ ਹੋਣ ਕਰਕੇ ਗੱਦੀ ਦਾ ਵਾਰਸ ਬਣਿਆ । ਬਾਕੀ ਦੋਨੋਂ ਉਸ ਦਾ ਵਿਰੋਧ ਕਰਦੇ ਰਹੇ, ਜਿਸ ਕਰਕੇ ਕੁਝ ਸੰਗਤ ਤਾਂ ਤਿੰਨਾਂ ਹਿੱਸਿਆਂ ਵਿਚ ਵੰਡੀ ਗਈ ਤੇ ਅੰਮ੍ਰਿਤਸਰ ਦੀ ਸੰਗਤ ਨੇ ਨਾਰਾਜ਼ ਹੋ ਕੇ ਇਨ੍ਹਾਂ ਤਿੰਨਾਂ ਨੂੰ ਹੀ ਏਥੋਂ ਕੱਢ ਦਿਤਾ ਜਿਸ ਕਰਕੇ ਨਿਰੰਜਨ ਰਾਇ, ਪ੍ਰਸਿੱਧ ਨਾਮ ਹਰਿ ਨਾਰਾਇਣ, ਪਿੰਡ ਘਰਾਚੋਂ, ਹਰਿ ਗੋਪਾਲ ਮੁਹੰਮਦੀਪੁਰ (ਅੱਜ ਕਲ੍ਹ ਪਾਕਿਸਤਾਨ) ਅਤੇ ਕਉਲ ਨੈਨ ਮਾਲਵੇ ਦੇ ਪਿੰਡ ਢਿਲਵਾਂ ਵਿਚ ਜਾ ਵਸਿਆ । ਅੰਮ੍ਰਿਤਸਰ ਦੀ ਸੰਗਤ ਨੇ 1755 ਬਿ. (1699 ਈ.) ਵਿਚ ਅਨੰਦਪੁਰ ਜਾਕੇ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਪਾਸ ਬੇਨਤੀ ਕੀਤੀ । ਸਤਿਗੁਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪ੍ਰਬੰਧ ਲਈ ਭਾਈ ਮਨੀ ਸਿੰਘ ਜੀ ਸਮੇਤ ਕੁਝ ਹੋਰ ਸਿੰਘ ਨਾਲ ਭੇਜ ਦਿੱਤੇ, ਜਿਨ੍ਹਾਂ ਨੇ ਇਥੋਂ ਦਾ ਪ੍ਰਬੰਧ ਗੁਰੂ ਆਸ਼ੇ ਅਨੁਸਾਰ ਚਲਾਉਣਾ ਆਰੰਭ ਦਿਤਾ ।

ਹਰਿ ਨਾਰਾਇਣ ਚੂੰਕਿ ਵਡਾ ਪੁੱਤਰ ਸੀ ਇਸ ਕਰਕੇ ਗੱਦੀ ਉਸ ਪਾਸ ਰਹੀ । ਉਸ ਤੋਂ ਬਾਦ ਗੱਦੀ ਕਉਲ ਨੈਨ ਪਾਸ ਆ ਗਈ । ਕਉਲ ਨੈਨ ਦੇ ਪਾਸ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਢਿਲਵੀਂ ਪੁੱਜੇ ਤਾਂ ਆਪ ਨੇ ਸਤਿਗੁਰਾਂ ਦਾ ਪੂਰਾ ਸਤਿਕਾਰ ਕੀਤਾ ਤੇ ਨੀਲਾ ਬਾਣਾ ਉਤਾਰ ਕੇ ਸਫੈਦ ਬਸਤ੍ਰ ਪਹਿਨਣ ਦੀ ਬੇਨਤੀ ਕੀਤੀ, ਜਿਸ ਨੂੰ ਸਤਿਗੁਰਾਂ ਨੇ ਪ੍ਰਵਾਨ ਕਰ ਲਇਆ । ਇਸ ਸਮੇਂ ਦਸ਼ਮੇਸ਼ ਜੀ ਨੇ ਕਉਲ ਨੈਨ ਦੇ ਸਾਰੇ ਪਰਵਾਰ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਨਾਲ ਮਿਲਾਇਆ । ਕਉਲ ਨੈਨ ਨੇ ਆਪਣੇ ਪੁੱਤਰ ਹਰਿ ਨੰਦ ਨੂੰ ਗੱਦੀ ਤੇ ਬਿਠਾਇਆ, ਪਰ ਉਹ ਕਉਲ ਨੈਨ ਦੇ ਹੁੰਦਿਆਂ ਹੀ ਸਰੀਰ ਤਿਆਗ ਗਇਆ, ਜਿਸ ਕਰਕੇ ਕਉਲ ਨੈਨ, ਆਪਣੇ, ਪੋਤੇ ਅਭੈਰਾਮ ਨੂੰ ਗੱਦੀ ਤੇ ਬਿਠਾ ਕੇ ਵਿਸਾਖ 1774 ਬਿ. (1717 ਈ.) ਵਿਚ ਅਕਾਲ ਚਲਾਣਾ ਕਰ ਗਇਆ ।

ਅਭੈਰਾਮ ਦਾ ਜਨਮ ਲਗਭਗ 1742 ਬਿ. ਮੁਤਾਬਿਕ 1685 ਈ. ਨਿਸ਼ਚਤ ਕੀਤਾ ਗਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਅਭੈਰਾਮ ਨੂੰ ਬਨਮਾਲੀ ਦਾ ਪੁੱਤਰ ਤੇ ਮਾਲਵਾ ਇਤਿਹਾਸ ਵਿਚ ਸੰਤ ਵਿਸਾਖਾ ਸਿੰਘ ਨੇ ਸਤਾਨੰਦ ਦਾ ਪੁੱਤਰ ਲਿਖਿਆ ਹੈ। ਇਹ ਆਪਣੇ ਸਮੇਂ ਦਾ ਮਹਾਨ ਵਿਦਵਾਨ ਸੀ ਜਿਸ ਦੇ ਇਰਦ ਗਿਰਦ ਵਿਦਵਾਨ ਵਿਦਿਆਰਥੀਆਂ ਦੀ ਮੰਡਲੀ ਜੁੜੀ ਰਹਿੰਦੀ ਸੀ। ਭਾਈ ਦਰਬਾਰੀ ਤੇ ਕੁਸ਼ਲ ਦਾਸ ਵਰਗੇ ਵਿਦਵਾਨ ਕਵੀਆਂ ਦੀਆਂ ਰਚਨਾਵਾਂ ਤੋਂ ਅਭੈਰਾਮ ਦੀ ਵਿਦਵਤਾ ਦਾ ਪਤਾ ਚਲਦਾ ਹੈ। ਉਂਜ ਭਾਵੇਂ ਉਸ ਦੀ ਕੋਈ ਮੌਲਿਕ ਰਚਨਾ ਹੁਣ ਤਕ ਦੇਖਣ ਵਿਚ ਨਹੀਂ ਆਈ।

ਅਭੈਰਾਮ ਨੇ ਆਪਣੇ ਦਾਦਾ ਕਉਲ ਨੈਨ ਦੇ 1774 ਬਿ. ਮੁਤਾਬਿਕ 1717 ਈ. ਨੂੰ ਹੋਏ ਦੇਹਾਂਤ ਤੋਂ ਬਾਅਦ ਗੱਦੀ ਸੰਭਾਲੀ ਤੇ 1818 ਬਿ. ਮੁਤਾਬਿਕ 1761 ਈ. ਤਕ ਪੂਰੇ 44 ਸਾਲ ਸਫਲਤਾ ਪੂਰਬਕ ਚਲਾਈ। ਜਾਪਦਾ ਹੈ ਕਿ ਭਾਈ ਦਰਬਾਰੀ ਅਭੈਰਾਮ ਪਾਸ 1801 ਬਿ. ਤੋਂ 1818 ਬਿ. ਤਕ ਰਹਿਆ। 1818 ਬਿ. ਫੱਗਣ ਵਦੀ ਦੁਆਦਸੀ, ਦਿਨ ਸ਼ਨੀਵਾਰ ਨੂੰ ਅਭੈਰਾਮ ਦਾ ਦੇਹਾਂਤ ਹੋਇਆ। ਕੁਸਲਦਾਸ ਦੀ ਲਿਖਤ ਅਨੁਸਾਰ ਅਭੈਰਾਮ ਤੋਂ ਬਾਦ ਗੱਦੀ ਦਾ ਮਾਲਕ ਨਿਰਭਉ ਨਾਮ ਦਾ ਵਿਅਕਤੀ ਹੋਇਆ ਜੋ 1836 ਬਿ. ਤਕ ਇਸ ਸੰਪ੍ਰਦਾਇ ਦਾ ਮੁੱਖੀ ਰਹਿਆ। ਉਸ ਦਾ ਦੇਹਾਂਤ 1836 ਬਿ. ਵੈਸਾਖੀ ਸੁਦੀ ਚੌਦਸ ਚਿਤਰ ਨਛੱਤ੍ਰ ਨੂੰ ਹੋਇਆ ਜਿਸ ਤੋਂ ਬਾਦ ਦੀਦਾਰ ਦਾਸ ਗੱਦੀ ਉਪਰ ਬੈਠਾ।

ਭਾਈ ਦਰਬਾਰੀ ਪੰਜ ਸਾਲ ਦੀ ਉਮਰ ਤੋਂ 1818 ਬਿ. ਤਕ 36 ਜਾਂ 38 ਸਾਲ ਅਭੈਰਾਮ ਜੀ ਦੀ ਸੇਵਾ ਵਿਚ ਢਿਲਵੀਂ ਹਾਜ਼ਰ ਰਹਿਆ। ਇਸ ਅਰਸੇ ਵਿਚ ਉਹ ਵਿਦਿਆ ਪੜ੍ਹਨ, ਕਥਾ ਕੀਰਤਨ ਕਰਨ ਦਾ ਢੰਗ ਸਿੱਖਣ ਸਿਖਾਉਣ ਦੇ ਨਾਲ ਨਾਲ ਹੱਥ ਲਿਖਤ ਪੋਥੀਆਂ ਦੇ ਉਤਾਰੇ ਵੀ ਕਰਦਾ ਰਹਿਆ। ਇਸ ਸਮੇਂ ਦੌਰਾਨ ਉਹ ਕਾਵਿ ਗ੍ਰੰਥਾਂ ਦੇ ਅਧਿਐਨ ਦੇ ਨਾਲ ਨਾਲ ਕਾਵਿ ਰਚਨਾ ਕਰਨ ਵਲ ਵੀ ਝੁਕਿਆ।

ਹੋ ਸਕਦਾ ਹੈ ਕਿ ਅਭੈਰਾਮ ਦੇ ਦੇਹਾਂਤ ਤੋਂ ਬਾਅਦ, ਜਦ ਨਿਰਭਉ ਨਾਮ ਦੇ ਵਿਅਕਤੀ ਨੇ ਗੱਦੀ ਸੰਭਾਲੀ ਤਾਂ ਉਨ੍ਹਾਂ ਨੂੰ ਸੰਪ੍ਰਦਾਇ ਦੇ ਮੁਖੀ ਮੰਨਦੇ ਹੋਏ ਭਾਈ ਦਰਬਾਰੀ ਵੀ ਉਨ੍ਹਾਂ ਪਾਸ ਢਿਲਵੀਂ ਕੁਝ ਸਮਾਂ ਰਹੇ ਹੋਣ ਜਾਂ ਵਾਪਸ ਵੈਰੋਕੇ ਆ ਕੇ ਉਨ੍ਹਾਂ ਨੂੰ ਸਮੇਂ ਸਮੇਂ ਮਿਲਦੇ ਰਹੇ ਹੋਣ ਤੇ ਉਨ੍ਹਾਂ ਉਪਰ ਵੀ ਅਭੈਰਾਮ ਦੇ ਜਾਨਸ਼ੀਨ ਹੋਣ ਕਰਕੇ ਗੁਰੂ ਭਾਵਨਾ ਰਖਦੇ ਰਹੇ ਹੋਣ ਜਿਹਾ ਕਿ ਉਨ੍ਹਾਂ ਦੀ ਰਚਨਾ ਤੋਂ ਪਤਾ ਚਲਦਾ ਹੈ।

## ਵੰਸ਼ ਤੇ ਜਨਮ-ਭੂਮੀ

ਭਾਈ ਦਰਬਾਰੀ ਜੀ ਦਾ ਜਨਮ ਪਿੰਡ ਵੈਰੋਕੇ, ਥਾਣਾ ਬਾਘਾ ਪੁਰਾਣਾ, ਤਹਸੀਲ ਮੋਗਾ ਜ਼ਿਲ੍ਹਾ ਫਰੀਦਕੋਟ ਹੈ। ਇਹ ਪਿੰਡ ਮੋਗਾ ਕੋਟ ਕਪੂਰਾ ਸੜਕ ਦੇ ਪੰਦਰਵੇਂ ਮੀਲ ਤੋਂ (ਜਿਥੇ ਇਸ ਸਮੇਂ ਗੁਰੂ ਨਾਨਕ ਕਾਲਜ, ਇਕ ਟੈਕਨੀਕਲ ਕਾਲਜ ਤੇ ਇਕ ਸਰਕਾਰੀ ਹਾਇਰ ਸੈਕੰਡਰੀ ਸਕੂਲ ਚਲ ਰਹਿਆ ਹੈ) ਦੋ ਮੀਲ ਪੂਰਬ ਵਲ ਹੈ। ਬੈਰਾੜ ਤੋਂ ਚੌਥੀ ਪੀੜ੍ਹੀ ਸੰਘਰ ਨਾਮ ਦਾ ਪ੍ਰਸਿਧ ਸੂਰਮਾ ਹੋਇਆ ਹੈ। ਉਸ ਦੇ ਦਸ ਪੁੱਤਰ ਤੇ ਦੋ ਲੜਕੀਆਂ ਸਨ। ਉਸ ਦਾ ਇਕ ਪੁੱਤਰ ਜੋਧਾ ਬੜਾ ਨਾਮਵਰ ਸੂਰਮਾ ਹੋਇਆ ਹੈ ਜਿਸ ਨੇ ਛੇਵੇਂ ਸਤਿਗੁਰਾਂ ਸਮੇਂ ਸਿੱਖੀ ਧਾਰ ਕੇ ਮਰ੍ਰਾਜ ਦੇ ਜੰਗ ਵਿਚ ਸਤਿਗੁਰਾਂ ਦੀ ਤਨ ਮਨ ਧਨ ਨਾਲ ਸੇਵਾ ਕੀਤੀ। ਜੋਧੇ ਦੇ ਅੱਗੋਂ ਤਿੰਨ ਪੁੱਤਰ ਹੋਏ, ਆਕਲ, ਦੀਪਾ ਤੇ ਵੈਰੋ। ਆਕਲ ਨੇ ਰੋੜੇ, ਰਾਜਿਆਣਾ

ਤੇ ਸਮਾਲਸਰ ਪਿੰਡ ਬੰਨ੍ਹੇ । ਦੋਹਾਂ ਛੋਟੇ ਭਰਾਵਾਂ ਨੂੰ ਕਾਲਜ ਵਾਲੀ ਥਾਂ ਪਿੰਡ ਬੰਨ੍ਹਣ ਲਈ ਰਾਜ਼ੀ ਕਰ ਲਇਆ । ਕੁਝ ਸਮਾਂ ਇਥੇ ਰਹਿਣ ਤੋਂ ਬਾਦ ਇਹ ਦੋਨੋਂ ਭਰਾ ਹੁਣ, ਵੈਰੋਕੇ ਪਿੰਡ ਵਾਲੀ ਥਾਂ ਤੇ ਆ ਕੇ ਬੈਠ ਗਏ ਤੇ ਪਿੰਡ ਵਸਾ ਲਇਆ ਅਤੇ ਇਰਦ ਗਿਰਦ ਦੀ ਜ਼ਮੀਨ ਤੇ ਕਬਜ਼ਾ ਕਰ ਲਇਆ । ਕਾਲਜ ਦੇ ਇਰਦ ਗਿਰਦ ਦੀ ਜ਼ਮੀਨ ਅੰਗਰੇਜ਼ਾਂ ਦੇ ਆਉਣ ਸਮੇਂ ਤਕ ਵੈਰੋਕੇ ਪਿੰਡ ਦੇ ਨਾਮ ਬੋਲਦੀ ਰਹੀ ਪਰ ਪਿੰਡਾਂ ਵਾਲਿਆਂ ਦੇ ਗਹੁ ਨ ਕਰਨ ਦੇ ਕਾਰਨ ਇਹ ਜ਼ਮੀਨ ਰੋਡੇ, ਸਮਾਲਸਰ ਤੇ ਰਾਜਿਆਣੇ, ਤਿੰਨਾਂ ਪਿੰਡਾਂ ਨੇ ਆਪਸ ਵਿਚ ਵੰਡ ਲਈ । ਵੈਰੋ ਛੋਟਾ ਭਰਾ ਹੋਣ ਕਰਕੇ ਪਿੰਡ ਦਾ ਨਾਮ ਉਸ ਦੇ ਨਾਮ ਤੇ "ਵੈਰੋਕੇ" ਪਇਆ । ਇਹ ਬੈਰਾੜ ਗੋਤ ਦੇ ਜੱਟਾਂ ਦੀ ਮਾਲਕੀ ਦਾ ਪਿੰਡ ਹੈ । ਉਂਝ ਕੁਝ ਘਰ ਸਰਾਵਾਂ ਦੇ ਵੀ ਹਨ । ਵਧੇਰੇ ਆਬਾਦੀ ਸਿੱਖਾਂ ਦੀ ਹੈ । ਕੁਝ ਘਰ ਖਤ੍ਰੀਆਂ ਤੇ ਬ੍ਰਹਮਣਾਂ ਦੇ ਵੀ ਹਨ । ਘੁਮਿਆਰ, ਮਿਰਾਸੀ ਤੇ ਕਸ਼ਮੀਰੀ ਮੁਸਲਮਾਨ ਪਾਕਿਸਤਾਨ ਬਣਨ ਸਮੇਂ ਇਥੋ ਚਲੇ ਗਏ ਸਨ । ਮੇਰਾ ਆਪਣਾ ਜਨਮ-ਪਿੰਡ ਵੀ ਵੈਰੋਕੇ ਹੈ ਜਿਸ ਕਰਕੇ ਬਚਪਨ ਤੋਂ ਭਾਈ ਦਰਬਾਰੀ ਬਾਰੇ ਬਜ਼ੁਰਗਾਂ ਤੋਂ ਜੋ ਕੁਝ ਸੁਣਦੇ ਆਏ ਹਾਂ ਉਸ ਦਾ ਸੰਖੇਪ ਵਰਣਨ ਇਸ ਤਰ੍ਹਾਂ ਹੈ ।

ਪੁਰਾਣੇ ਭਾਰਤੀ ਕਵੀਆਂ ਵਾਂਗ ਭਾਈ ਦਰਬਾਰੀ ਜੀ ਨੇ ਭਾਵੇਂ 919 ਪੱਤਰਿਆਂ ਦਾ ਮਹਾਨ ਕਾਵਿ-ਗ੍ਰੰਥ ਰਚਿਆ ਪਰ ਆਪਣੇ ਬਾਰੇ ਕੋਈ ਵੀ ਜਾਣਕਾਰੀ ਦੇਣ ਦੀ ਖੇਚਲ ਨਹੀਂ ਕੀਤੀ । ਇਸ ਪਿੰਡ ਦੇ ਕਿਸੇ ਬਜ਼ੁਰਗ ਨੂੰ ਵੀ ਉਨ੍ਹਾਂ ਦੇ ਮਾਤਾ ਪਿਤਾ ਤੇ ਜਨਮ ਸੰਮਤ ਬਾਰੇ ਕੋਈ ਵਾਕਫੀਅਤ ਨਹੀਂ । ਇਨਾਂ ਕੁ ਪਤਾ ਲਗਦਾ ਹੈ ਕਿ ਆਪ ਦਾ ਜਨਮ ਘਈ ਖਤ੍ਰੀਆਂ ਦੇ ਘਰ ਹੋਇਆ । ਡਾ. ਗੁਰਚਰਨ ਸਿੰਘ ਸੇਕ ਨੇ ਪਿਤਾ ਦਾ ਨਾਮ ਦਇਆ ਰਾਮ ਤੇ ਜਨਮ ਸੰਮਤ ਦਾ ਅਨੁਮਾਨ 1780-81 ਬਿ. ਲਗਾਇਆ ਹੈ[1] ਪਰ ਪਿੰਡ ਵਿਚੋਂ ਕਿਸੇ ਬਜ਼ੁਰਗ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ।

ਪਿੰਡ ਵਿਚ ਇਹ ਗੱਲ ਆਮ ਪ੍ਰਚਲਤ ਹੈ ਕਿ ਭਾਈ ਦਰਬਾਰੀ ਜੀ ਦੇ ਪਿਤਾ ਦੇ ਘਰ ਉਲਾਦ ਨਹੀਂ ਸੀ ਹੁੰਦੀ । ਉਨ੍ਹਾਂ ਦਿਨਾਂ ਵਿਚ ਢਿਲਵਾਂ ਵਾਲੇ ਸੋਢੀ ਸਾਹਿਬਾਨ ਇਸ ਪਿੰਡ ਵਿਚ ਹਰ ਛੇ ਮਹੀਨੇ ਪਿਛੋਂ ਹਾੜ੍ਹੀ ਸਾਉਣੀ ਦੀ ਫਸਲ ਨਿਕਲਣ ਉਪਰਾਂਤ ਕਾਰ ਭੇਟ ਲੈਣ ਆਉਂਦੇ ਸਨ । ਸੋਢੀ ਅਭੈਰਾਮ ਪਿੰਡ ਵਿਚ ਆਏ ਤਾਂ ਭਾਈ ਦਰਬਾਰੀ ਦੇ ਪਿਤਾ ਨੇ ਸੋਢੀ ਸਾਹਿਬ ਪਾਸ ਪੁਤ੍ਰ ਦੀ ਦਾਤ ਲਈ ਅਰਦਾਸ ਕਰਨ ਨੂੰ ਕਹਿਆ । ਸੋਢੀ ਸਾਹਿਬ ਨੇ ਫੁਰਮਾਇਆ ਕਿ ਜੇ ਗੁਰੂ ਦਰਬਾਰ ਵਿਖੇ ਸਾਰੀ ਸੰਗਤ ਮਿਲਕੇ ਅਰਦਾਸ ਕਰੇ ਤਾਂ ਤੇਰੀ ਮੁਰਾਦ ਪੂਰੀ ਹੋ ਜਾਵੇਗੀ । ਉਸ ਵਕਤ ਸਜੇ ਦਰਬਾਰ ਵਿਚ ਸਾਰੀ ਸੰਗਤ ਨੇ ਇਕ ਮਨ ਹੋ ਕੇ ਅਰਦਾਸ ਕੀਤੀ । ਸਾਲ ਦੇ ਅੰਦਰ ਅੰਦਰ ਉਸ ਦੇ ਘਰ ਇਸ ਹੋਣਹਾਰ ਬਾਲਕ ਨੇ ਜਨਮ ਲੈ ਲਇਆ । ਚੂੰਕਿ ਗੁਰੂ ਦਰਬਾਰ ਦੀ ਅਰਦਾਸ ਨਾਲ ਬਾਲਕ ਪੈਦਾ ਹੋਇਆ ਸੀ ਇਸ ਕਰਕੇ ਨਾਮ 'ਦਰਬਾਰੀ ਦਾਸ' ਰਖਿਆ ਗਿਆ । ਪੰਜ ਸਾਲ ਦਾ ਸਮਾਂ ਪਿੰਡ ਵਿਚ ਬਾਲ ਖੇਡਾਂ ਵਿਚ ਲੰਘਿਆ ।

---

1. ਦੇਖੋ ਗੁਰਚਰਨ ਸਿੰਘ ਸੇਕ, "ਪਰਚੀਆਂ ਭਗਤਾਂ ਦੀਆਂ—ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ ਅਧਿਐਨ", (ਅਪ੍ਰਕਾਸ਼ਿਤ ਪੀ. ਐਚ. ਡੀ. ਖੋਜ ਪ੍ਰਬੰਧ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

## ਵਿਦਿਆ ਪ੍ਰਾਪਤੀ

ਪੰਜ ਸਾਲ ਦੀ ਉਮਰ ਹੋਣ ਤੇ ਪਿਤਾ ਬਾਲਕ ਦਰਬਾਰੀ ਦਾਸ ਨੂੰ ਅਭੈਰਾਮ ਦੀ ਸੇਵਾ ਵਿਚ ਢਿਲਵੀਂ ਛੱਡ ਆਇਆ। ਉਥੇ ਭਾਈ ਦਰਬਾਰੀ ਨੇ ਜਿਥੇ ਆਪਣੇ ਗੁਰੂ ਤੇ ਸੰਗਤ ਦੀ ਸੇਵਾ ਬੜੀ ਸ਼ਰਧਾ ਤੇ ਪਿਆਰ ਨਾਲ ਕੀਤੀ, ਉਥੇ ਗੁਰਬਾਣੀ ਦੇ ਅਰਥ, ਵਿਆਖਿਆ ਤੇ ਗੁਰਮਤਿ ਸਿਧਾਂਤਾਂ ਦੀ ਸਿਖਿਆ ਵੀ ਬੜੀ ਲਗਨ ਨਾਲ ਪ੍ਰਾਪਤ ਕੀਤੀ। ਉਸ ਪੋਥੀਆਂ ਲਿਖਣ ਤੇ ਉਤਾਰੇ ਕਰਨ ਦਾ ਕੰਮ ਵੀ ਬੜੇ ਸ਼ੌਕ ਨਾਲ ਕੀਤਾ। ਕਾਵਿ ਗ੍ਰੰਥਾਂ ਦੇ ਅਧਿਐਨ ਦੇ ਨਾਲ ਨਾਲ ਕਾਵਿ ਲਿਖਣ ਦਾ ਵੀ ਅਭਿਆਸ ਕਰਦੇ ਰਹੇ।

ਭਾਈ ਦਰਬਾਰੀ ਨੇ ਪੰਜਾਬੀ ਤੇ ਬ੍ਰਜ ਭਾਸ਼ਾ ਤੋਂ ਇਲਾਵਾ ਸੰਸਕ੍ਰਿਤ ਦੇ ਵੀ ਕੁਝ ਪੁਸਤਕ ਪੜ੍ਹੇ ਜਿਵੇਂ ਕਿ ਰਾਮਾਇਣ, ਮਹਾਂਭਾਰਤ, ਭਾਗਵਤ ਗੀਤਾ। ਪੰਚਰਾਤ੍ਰ ਆਦਿਕ ਪੁਰਾਣਾਂ ਬਾਰੇ ਭਾਈ ਦਰਬਾਰੀ ਦਾ ਅਧਿਐਨ ਵੀ ਮਿਹਨਤ ਨਾਲ ਕੀਤਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਉਪਰੋਕਤ ਪੁਸਤਕਾਂ ਦੇ ਹਵਾਲੇ ਉਨ੍ਹਾਂ ਦੀ ਆਪਣੀ ਰਚਨਾ ਵਿਚ ਥਾਂ ਪਰ ਥਾਂ ਦਿੱਤੇ ਮਿਲਦੇ ਹਨ। ਇਸਲਾਮ ਦੇ ਪੈਗੰਬਰਾਂ ਤੇ ਹੋਰਨਾਂ ਮੁਖੀਆਂ ਬਾਰੇ ਵੀ ਇਹ ਚੰਗੀ ਜਾਣਕਾਰੀ ਰਖਦੇ ਸਨ ਜੇਹਾ ਕਿ ਉਨ੍ਹਾਂ ਨੇ ਆਪਣੀ ਰਚਨਾ ਵਿਚ ਖਾਸ ਕਰਕੇ ਮਾਝਾਂ ਵਿਚ ਮੁਹੰਮਦ ਸਾਹਿਬ, ਜ਼ਕਰੀਆ ਤੇ ਸਾਬਰ ਆਦਿ ਪੈਗੰਬਰਾਂ ਦਾ ਜ਼ਿਕਰ ਕੀਤਾ ਹੈ।

## ਵਾਪਸ ਵੈਰੋਕੇ

ਅਭੈਰਾਮ ਦੇ ਦੇਹਾਂਤ ਤੋਂ ਬਾਅਦ ਉਪਰਾਮ ਹੋਕੇ ਆਪ ਵਾਪਸ ਵੈਰੋਕੇ ਆ ਟਿਕੇ। ਬਚਪਨ ਤੋਂ ਵਿਦਵਾਨਾਂ ਤੇ ਸਾਧੂਆਂ ਦੀ ਸੰਗਤ ਕਰਨ ਦਾ ਸਦਕਾ ਆਪ ਸੁਭਾਅ ਦੇ ਨਰਮ, ਸੰਤੋਖੀ, ਦਇਆਵਾਨ, ਨਿੰਮ੍ਰਤਾ ਦੇ ਪੁੰਜ, ਉਦਾਰ ਤੇ ਤਿਆਗੀ ਬਣ ਚੁਕੇ ਸਨ। ਭਾਈ ਦਰਬਾਰੀ ਬਾਲ ਜਤੀ ਰਹੇ। ਸਾਰੀ ਉਮਰ ਸ਼ਾਦੀ ਨਹੀਂ ਕਰਵਾਈ। ਪਿੰਡ ਵਿਚ ਧਰਮਸਾਲਾ ਬਣਾ ਕੇ ਰੋਜ਼ਾਨਾ ਕਥਾ ਕੀਰਤਨ ਦਾ ਪ੍ਰਵਾਹ ਚਲਾ ਦਿਤਾ[2] ਜਿਸ ਕਰਕੇ ਪਿੰਡ ਨਿਵਾਸੀ ਸੰਗਤਾਂ ਆਪ ਦੀਆਂ ਸ਼ਰਧਾਲੂ ਬਣ ਗਈਆਂ। ਜਿੱਥੇ ਆਪ ਦੀ ਗੁਰਬਾਣੀ ਦੀ ਸੁੰਦਰ ਵਿਆਖਿਆ ਦਾ ਸੰਗਤਾਂ ਤੇ ਪ੍ਰਭਾਵ ਪਇਆ ਉਥੇ ਗੁਰਬਾਣੀ ਦੇ ਸੁੰਦਰ ਕੀਰਤਨ ਨੇ ਵੀ ਸੁੱਤਿਆਂ ਦੇ ਮਨ ਮੋਹ ਲਏ। ਹੁਣ ਆਪ ਦੀ ਮਹਿਮਾ ਵੈਰੋਕੇ ਤੋਂ ਇਲਾਵਾ ਇਰਦ ਗਿਰਦ ਦੇ ਪਿੰਡਾਂ ਵਿਚ ਵੀ ਫੈਲ ਗਈ ਜਿਸ ਕਰਕੇ ਆਪ ਰਾਜਿਆਣਾ, ਰੋਡੇ, ਸਮਾਲਸਰ, ਮਾੜੀ ਮੁਸਤਫਾ, ਲਧਾਈਕੇ, ਚੰਨੂਆਣਾ, ਸੰਗਤਪੁਰਾ, ਠੱਠੀ ਭਾਈ, ਸੇਖਾ ਕਲਾਂ, ਪੰਜ ਗਰਾਈ ਆਦਿ ਪਿੰਡਾਂ ਵਿਚ ਵੀ ਜਾਂਦੇ ਆਉਂਦੇ ਰਹੇ ਤੇ ਸੰਗਤਾਂ ਨੂੰ ਗੁਰਬਾਣੀ ਸੁਣਾ ਕੇ ਗੁਰੂ ਕੇ ਸਿੱਖ ਬਣਾਉਂਦੇ ਰਹੇ।

ਮੇਰੇ ਪਿਤਾ ਸ. ਮਲ ਸਿੰਘ ਜੀ ਨੇ ਦਸਿਆ ਕਿ ਇਕ ਵਾਰ ਅਸੀਂ ਦੁਆਬੇ ਗਏ। ਜਦੋਂ ਉਥੋਂ ਦੇ ਲੋਕਾਂ ਨੂੰ ਦਸਿਆ ਕਿ ਅਸੀਂ ਵੈਰੋਕੇ ਪਿੰਡ ਤੋਂ ਆਏ ਹਾਂ ਤਾਂ ਉਨ੍ਹਾਂ ਸਾਡੀ ਬਹੁਤ ਆਉ ਭਗਤ ਤੇ ਸੇਵਾ ਕੀਤੀ ਤੇ ਦਸਿਆ ਕਿ ਅਸੀਂ ਭਾਈ ਦਰਬਾਰੀ ਦੇ ਸ਼ਰਧਾਲੂ ਹਾਂ ਤੇ ਤੁਹਾਡੇ ਪਿੰਡ ਉਨ੍ਹਾਂ ਦੇ ਦਰਸ਼ਨ ਹਿਤ ਕਈ ਵਾਰ ਗਏ ਹਾਂ। ਭਾਈ ਦਰਬਾਰੀ ਪਾਸ

---

2. ਇਹ ਧਰਮਸਾਲਾ ਸਾਡੇ ਘਰ ਦੇ ਬਿਲਕੁਲ ਸਾਹਮਣੇ ਹੈ। ਉਸ ਧਰਮਸਾਲਾ ਨੂੰ ਭਾਈ ਦਰਬਾਰੀ ਦੀ ਧਰਮਸਾਲਾ ਕਹਿੰਦੇ ਹਨ।

ਸ਼ਰਧਾਲੂਆਂ, ਸਾਧੂ ਸੰਤਾਂ ਤੇ ਬਿਹੰਗਮਾਂ ਦੀ ਆਵਾਜਾਈ ਲਗੀ ਰਹਿੰਦੀ ਸੀ ਜਿਸ ਕਰਕੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਆਪ ਵਲੋਂ ਗੁਰੂ ਕਾ ਲੰਗਰ ਵੀ ਅਤੁੱਟ ਵਰਤਦਾ ਰਹਿੰਦਾ ਸੀ । ਲੰਗਰ ਦੇ ਖਰਚ ਦੀ ਪੂਰਤੀ ਲਈ ਵੈਰੋਕੇ ਪਿੰਡ ਵਲੋਂ 90 ਘੁਮਾਉ ਤੋਂ ਉਪਰ ਜ਼ਮੀਨ ਭਾਈ ਦਰਬਾਰੀ ਦੇ ਡੇਰੇ ਤੇ ਉਸ ਦੇ ਉਤ੍ਰਾਧਿਕਾਰੀ, ਸੁੱਖੇ ਦੇ ਨਾਮ ਪੁਰਾਣੇ ਸਰਕਾਰੀ ਕਾਗਜ਼ਾਂ ਵਿਚ 1852-53 ਈ. ਵਿਚ ਲਗੀ ਹੋਈ ਮਿਲਦੀ ਹੈ । ਇਸੇ ਤਰ੍ਹਾਂ ਪਿੰਡ ਰਾਜੇਆਣੇ ਵਲੋਂ 10-12 ਘੁਮਾਉਂ ਜ਼ਮੀਨ ਅਰਦਾਸ ਕਰਾਈ ਗਈ ਸੀ । ਇਹ ਮਾਲਕੀ 1887-88 ਈ. ਵਿਚ ਸੁੱਖੇ ਦੇ ਪੋਤਰੇ ਚੜਤੇ ਦੇ ਸਮੇਂ ਘਟ ਕੇ 75 ਘੁਮਾਉਂ ਰਹਿ ਗਈ ।

### ਆਯੂ

ਭਾਈ ਦਰਬਾਰੀ ਜੀ ਦਾ ਵੈਰੋਕੇ ਰਹਿਣ ਦਾ ਸਮਾਂ 1818 ਬਿ. ਤੋਂ 1860 ਬਿ. ਤਕ ਦਾ ਤਾਂ ਉਨ੍ਹਾਂ ਦੀ ਲਿਖਤ ਤੋਂ ਸਾਬਤ ਹੁੰਦਾ ਹੈ । ਉਨ੍ਹਾਂ ਹਰਿ ਜਸ ਗ੍ਰੰਥ ਵਿਚ ਰਾਗਾਂ ਵਿਚ ਲਿਖੇ ਕਾਵਿ ਤੇ ਪਰਚੀਆਂ ਭਗਤਾਂ ਦੀਆਂ ਆਦਿ ਦੀ ਰਚਨਾ 1860 ਬਿ. ਜੇਠ ਵਦੀ ਤ੍ਰੋਦਸੀ, ਦਿਨ ਵੀਰਵਾਰ, ਨੂੰ ਸੰਪੂਰਨ ਕੀਤੀ । ਜਿਸ ਬਾਰੇ ਓਹ ਗ੍ਰੰਥ ਦੇ 761/3/2[3] ਪਤ੍ਰੇ ਉਪਰ ਲਿਖਦੇ ਹਨ :

ਸੰਮਤ ਅਠਾਰਾ ਸੈ ਅਰੁ ਸਠੇ । ਕੀਤੀ ਬਾਣੀ ਸਬਦ ਇਕਠੈ ।<br>
ਜੇਠ ਵਦੀ ਤ੍ਰਿਦਸੀ ਗੁਰ ਵਾਰ । ਪੜੇ ਸੁਣੇ ਤਿਸ ਪਾਰ ਉਤਾਰਾ । 17

761 ਪੱਤ੍ਰੇ ਤੋਂ 919 ਪੱਤ੍ਰੇ ਤਕ ਦੀ ਅਗਲੀ ਰਚਨਾ ਉਨ੍ਹਾਂ ਇਸ ਤੋਂ ਬਾਅਦ ਹੀ ਕੀਤੀ ਹੋਵੇਗੀ । ਹੋ ਸਕਦਾ ਹੈ ਕਿ ਹਰਿ ਜਸ ਗ੍ਰੰਥ ਦੀ ਕਾਵਿ ਰਚਨਾ ਪਹਿਲਾਂ ਵੱਖ ਵੱਖ ਪੋਥੀਆਂ ਵਿਚ ਅੱਡ ਅੱਡ ਲਿਖਾਰੀਆਂ ਦੀ ਲਿਖੀ ਹੋਵੇ ਤੇ ਬਾਅਦ ਵਿਚ ਇਸ ਨੂੰ ਇਕ ਥਾਂ ਕਰਨ ਹਿਤ ਇਸ ਵਡੇ ਗ੍ਰੰਥ ਅੰਦਰ ਦਰਜ ਕਰ ਦਿਤੀ ਗਈ ਹੋਵੇ ।

ਭਾਈ ਦਰਬਾਰੀ ਦੀ ਇਕ ਰਚਨਾ 'ਸਹੰਸਰ ਨਾਮ ਮਾਲਾ' ਮੇਰੀ ਲਾਇਬਰੇਰੀ ਵਿਚ ਹੱਥ-ਲਿਖਤ ਪੋਥੀ ਵਿਚ ਦਰਜ ਹੈ । ਜਿਸ ਦੇ ਕੁਲ 10 ਸਵੱਯੇ ਹਨ । ਇਹ 10 ਸਵੱਯੇ ਪੋਥੀ ਕੁਸ਼ਲ ਦਾਸ ਦੇ ਪੱਤ੍ਰਾ 194 ਤੋਂ 195 ਉਪਰ ਪ੍ਰਾਪਤ ਹਨ । ਇਸੇ ਤਰ੍ਹਾਂ ਸੰਤ ਗੁਲਾਬ ਸਿੰਘ ਘੋਲੀਏ ਵਾਲਿਆਂ ਦੇ ਗੁਰਦੁਆਰਾ ਅਨੰਦ ਭਵਨ, ਮੋਗਾ ਦੇ ਮਹੰਤ ਸਰਵਣ ਸਿੰਘ ਪਾਸ ਵੀ ਭਾਈ ਦਰਬਾਰੀ ਜੀ ਦੀਆਂ ਹਥ ਲਿਖਤ ਰਚਨਾਵਾ ਪੋਥੀਆਂ ਦੇ ਰੂਪ ਵਿਚ ਹਨ । ਇਕ ਪੋਥੀ ਪ੍ਰੋਫੈਸਰ ਪ੍ਰੀਤਮ ਸਿੰਘ ਜੀ, ਸਾਬਕਾ ਮੁਖੀ ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪਾਸ ਤੇ ਇਕ ਡਾ. ਗੁਰਦੇਵ ਸਿੰਘ ਸਿੱਧੂ ਪਿੰਡ ਖਾਈ ਤਹਸੀਲ ਮੋਗਾ ਪਾਸ ਹੈ । 1935-36 ਈ. ਵਿਚ ਭਾਈ ਦਰਬਾਰੀ ਦੇ ਗੁਰਦੁਆਰੇ ਵਿਚ ਭਾਈ ਹਰੀ ਸਿੰਘ ਮਹੰਤ ਸਨ । ਉਨ੍ਹਾਂ ਦੇ ਸਮੇਂ ਹੱਥ-ਲਿਖਤ ਪੁਸਤਕਾਂ ਦਾ ਇਕ ਕਮਰਾ ਭਰਿਆ ਹੋਇਆ ਸੀ । ਉਹ ਕਿਸੇ ਨੂੰ ਨਹੀਂ ਵਿਖਾਲਦੇ ਸਨ । ਉਨ੍ਹਾਂ ਦੇ ਦੇਹਾਂਤ ਤੋਂ ਬਾਦ ਉਹ ਪੁਸਤਕਾਂ ਪਤਾ ਨਹੀਂ ਕੌਣ ਲੈ ਗਇਆ । ਹੁਣ ਕੁਝ ਵੈਦਿਕ ਦੀਆਂ ਹਥ ਲਿਖਤ ਪੋਥੀਆਂ ਹੀ ਰਹਿ ਗਈਆਂ ਹਨ ।

---

3. ਇਸ ਗ੍ਰੰਥ ਵਿਚ 760 ਨੰ. ਦੇ ਤਿੰਨ ਪੱਤਰੇ ਹਨ ਜਿਨ੍ਹਾਂ ਨੂੰ ਇਥੇ 706/1, 760/2 ਅਤੇ 760/3 ਦੁਆਰਾ ਪ੍ਰਗਟ ਕੀਤਾ ਹੈ ।

761 ਪੱਤ੍ਰੇ ਤੋਂ 919 ਪੱਤ੍ਰੇ ਤਕ ਦੀ ਰਚਨਾ ਦੇ ਰਚਨ ਅਤੇ ਇਸ ਮਹਾਨ ਗ੍ਰੰਥ ਵਿਚ ਦਰਜ ਕਰਨ ਤੇ ਪੰਜ ਛੇ ਸਾਲ ਲਗ ਗਏ ਹੋਣ ਤੇ ਉਸ ਤੋਂ ਬਾਅਦ ਵੀ ਤਿੰਨ ਚਾਰ ਸਾਲ ਜਿਉਂਦੇ ਰਹੇ ਹੋਣ, ਤਾਂ ਉਨ੍ਹਾਂ ਦੇ ਦੇਹਾਂਤ ਦਾ ਸਮਾਂ ਸੰਮਤ 1870 ਬਣਦਾ ਹੈ। ਇਸ ਤਰ੍ਹਾਂ ਉਨ੍ਹਾਂ ਦੀ ਕੁਲ ਉਮਰ 90 ਸਾਲ ਦੇ ਲਗਭਗ ਹੋ ਸਕਦੀ ਹੈ।

## ਗੁਰੂ ਨਾਨਕ ਤੇ ਸ਼ਰਧਾ

ਆਪਣੇ ਵਿਦਿਆ ਗੁਰੂ ਅਤੇ ਨਾਮ ਦਾਤੇ ਗੁਰਮੁਖ ਅਭੈਰਾਮ ਬਾਰੇ ਭਾਈ ਦਰਬਾਰੀ ਦੇ ਮਨ ਵਿਚ ਬਹੁਤ ਸ਼ਰਧਾ ਤੇ ਸਤਿਕਾਰ ਹੈ। ਪਰ ਸਭ ਤੋਂ ਵੱਧ ਸਤਿਕਾਰ ਤੇ ਅਥਾਹ ਸ਼ਰਧਾ ਗੁਰੂ ਨਾਨਕ ਉਪਰ ਹੈ। ਜਿਥੇ ਭਾਈ ਦਰਬਾਰੀ ਹਰ ਮੰਗਲ ਵਿਚ "ੴ" ਤੋਂ ਬਾਅਦ "ਸਤਿਗੁਰ ਬਾਬਾ ਨਾਨਕ" ਲਿਖਦਾ ਹੈ, ਉਥੇ ਆਪਣੀ ਕਾਵਿ ਛਾਪ ਵਜੋਂ 'ਨਾਨਕ ਪੰਥੀ ਜਨ ਦਰਬਾਰੀ' ਜਾਂ 'ਨਾਨਕ ਪੰਥੀ ਭਣੇ ਦਰਬਾਰੀ' ਵਰਤਣ ਵਿਚ ਗੌਰਵ ਮਹਿਸੂਸ ਕਰਦਾ ਹੈ। ਨਾਨਕ ਪੰਥੀ ਹੋਣਾ ਉਸ ਲਈ ਵੱਡੇ ਮਾਨ ਦੀ ਗੱਲ ਹੈ। ਇਸ ਦਾ ਭਾਨ ਗੁਰ ਮਹਿਮਾ ਦੇ ਪਹਿਲੇ ਛੇ ਸਵੱਯਾ ਦੀ ਸਮੱਸਿਆ ਦੀ ਤੁਕ ਤੋਂ ਹੀ ਲਗ ਜਾਂਦਾ ਹੈ ਜੋ ਇੰਞ ਹੈ :

'ਵਾਹਗੁਰੂ ਗੁਰ ਨਾਨਕ ਸਾਹਿਬ ਸੇਵਕ ਸਾਮ ਗਹੀ ਦਰਬਾਰੀ।'

ਸਤਵੇਂ ਸਵੱਯੇ ਦੀ ਅੰਤਲੀ ਤੁਕ ਇਸ ਤਰ੍ਹਾਂ ਹੈ :

'ਔਰ ਤੌ ਸੰਤ ਸਬੈ ਸੁਭ ਹੈ ਦਰਬਾਰੀ ਕੇ ਉਹ ਹੈ ਗੁਰ ਨਾਨਕ' ॥

ਇਵੇਂ ਹੀ ਅਠਵੇਂ ਸਵੱਯੇ ਦੀ ਅੰਤਲੀ ਤੁਕ ਐਉਂ ਹੈ :

'ਲੱਛਨ ਹੈਨ ਬਤੀਸ ਜਿਸੈ ਮਹਿ, ਸੋ ਦਰਬਾਰੀ ਕੋ 'ਗੁਰ ਨਾਨਕ'।

ਮਿਹਰਬਾਨ ਸੰਪ੍ਰਦਾਇ ਨਾਲ ਸੰਬੰਧਤ ਹੋਣ ਦੇ ਬਾਵਜੂਦ ਉਸਨੇ ਭਗਤਾਂ ਦੀਆਂ ਪਰਚੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਪਰਚੀ (ਜੀਵਨੀ) ਤਾਂ ਲਿਖੀ ਹੈ ਪਰ ਮਿਹਰਬਾਨ ਜਾਂ ਹਰਿ ਜੀ ਦੀ ਨਹੀਂ ਲਿਖੀ। ਜਿਸ ਤੋਂ ਭਾਈ ਦਰਬਾਰੀ ਦੀ ਰਗ ਰਗ ਵਿਚ ਗੁਰੂ ਨਾਨਕ ਦੇਵ ਜੀ ਲਈ ਸ਼ਰਧਾ ਭਰੀ ਹੋਈ ਸਿਧ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਪਰਚੀ ਦੇ ਆਰੰਭ ਵਿਚ ਇਕ ਬੈਂਤ ਲਿਖੀ ਹੈ ਤੇ ਫਿਰ ਚੌਪਈਆਂ ਤੇ ਦੋਹਰਿਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਗਾਈ ਹੈ। ਕੁਝ ਛੰਦ ਨਮੂਨੇ ਮਾਤ੍ਰ ਹੇਠਾਂ ਦਰਜ ਹਨ :

### ਬੈਂਤ

ਨਾਨਕ ਨਾਮ ਲਏ ਦੂਖ ਪਾਪ ਗਏ, ਸੇਈ ਸਫਲ ਭਏ ਏਥੇ ਆਇਕੇ ਤੇ।
ਜਿੰਨ੍ਹਾ ਦਰਸ ਕੀਆ ਜੂਆ ਜੀਤਿ ਲੀਆ, ਪੀਆ ਪ੍ਰੇਮ ਪਿਆਲਾ ਅਘਾਇਕੇ ਤੇ।
ਜਿਨ੍ਹਾ ਬਾਕ ਮੰਨੇ ਸੇਈ ਧੰਨੁ ਧੰਨੇ, ਚਲੇ ਜੰਮਣ ਮਰਣ ਮਿਟਾਇਕੇ ਤੇ।
ਦਰਬਾਰੀ ਦਾਸ ਆਖੇ ਸਚੋ ਸਚ ਭਾਖੇ, ਆਖਹੁ ਵਾਹਿਗੁਰੂ ਚਿਤ ਲਾਇਕੇ ਤੇ। 1

### ਚੌਪਈ

ਗੁਰੁ ਨਾਨਕ ਕੀ ਪਰਚੀ ਏਹੁ। ਮਨ ਤਨ ਸ੍ਰਵਨ ਦੇ ਸੁਨਿ ਲੇਹੁ।
ਗੁਤ ਨਾਨਕ ਕੀ ਉਤਮ ਕਥਾ। ਜਿਤ ਸੁਣਿਐ ਊਜਲ ਮੁਖ ਮਥਾ।
ਗੁਰ ਨਾਨਕ ਕੀ ਅਕਥ ਕਹਾਨੀ। ਜਮ ਦੁਖ ਲਾਥਾ ਜਿਨਿ ਸੁਨਿ ਮਾਨੀ।
ਵਾਹਿਗੁਰੂ ਨਾਨਕ ਜੋ ਕਹੈ। ਜੰਮਣ ਮਰਣਾ ਦੁਹਾਂ ਥੋ ਰਹੇ। 2
ਵਾਹਿਗੁਰੂ ਗੁਰ ਨਾਨਕ ਜੋਈ। ਤਾਂ ਮਹਿ ਭਿੰਨ ਭੇਦ ਜਿਨਿ ਕੋਈ।

ਨਾਨਕ ਨਾਮੁ ਨਿਰੰਜਨ ਕੇਰਾ । ਜਿਨਿ ਜਪਿਆ ਸਚ ਖੰਡ ਬਸੇਰਾ ।
ਗੁਰ ਨਾਨਕ ਕੀ ਸੁਨੈ ਜੁ ਕਥਾ । ਦੂਖ ਦਰਦ ਜਮ ਕਾ ਭੌ ਲਥਾ !
ਸਤਿਗੁਰ ਨਾਨਕੁ ਅਪਰ ਅਪਾਰਾ । ਤਤੁ ਮਿਥਯਾ ਤੇ ਕੀਆ ਨਿਰਾਰਾ ।
ਸਤਿਗੁਰ ਨਾਨਕ ਪਰਉਪਕਾਰੀ । ਸਦਕੇ ਕੀਤਾ ਜਨੁ ਦਰਬਾਰੀ । 4

**ਦੋਹਰਾ**

ਉਪਮਾ ਸਤਿਗੁਰ ਦੇਉ ਕੀ ਕਹਨ ਕਥਨ ਮਹਿ ਨਾਹਿ ।
ਏਕ ਜੀਭ ਕੀ ਕਿਆ ਚਲੀ, ਕੋਟਿ ਜੀਭ ਹੋ ਜਾਂਹਿ । 5

**ਸੋਰਠਾ**

ਉਪਮਾ ਅਪਰ ਅਪਾਰ. ਪਾਰ ਨ ਕੋਈ ਕਰ ਸਕੈ ।
ਕਹਿ ਨ ਸਕੈ ਮੁਖ ਚਾਰ, ਸੇਖ ਨਾਗ ਸਹੰਸ੍ਰ ਫਣੀ । 6

**ਚੌਪਈ**

ਗੁਰ ਨਾਨਕ ਕੀ ਅੰਮ੍ਰਿਤ ਬਾਨੀ । ਪਾਰਬ੍ਰਹਮ ਪਰਮੇਸੁਰ ਮਾਨੀ ।
ਸੁਤਹ ਸਿੱਧ ਸੁਅੰ ਪ੍ਰਕਾਸ਼ । ਬ੍ਰਹਮ ਗਿਆਨੀ ਸਮ ਅਬਿਨਾਸ । 7

**ਦੋਹਰਾ**

ਗੁਰ ਨਾਨਕ ਅਪਰੰਪਰੋ, ਪਾਰ ਨ ਪਾਯਾ ਜਾਇ ।
ਗੁਣ ਸਾਗਰ ਕੀ ਥਾਹਿ ਜਿਨਿ, ਕਹਾਂ ਸੁਨਾਵੋ ਗਾਇ । 8

**ਚੌਪਈ**

ਗੁਰ ਨਾਨਕ ਬਹੁ ਪਤਿਤ ਉਧਾਰੇ, ਠੱਗ ਚੋਰ ਸਭ ਪਾਰ ਉਤਾਰੇ ।
ਜੋ ਜਨ ਅਪਨੀ ਨਾਉ ਚੜ੍ਹਾਏ । ਜਨਮ ਮਰਨ ਮਹਿ ਬਹੁੜ ਨ ਆਏ ।
ਗੁਰ ਨਾਨਕ ਕੀ ਆਏ ਸਰਨੀ । ਤਿਨ ਕੀ ਨਾਹਿ ਵਿਚਾਰੀ ਕਰਨੀ ।
ਗੁਰ ਨਾਨਕ ਕੇ ਪੰਥ ਜੁ ਪਏ । ਤਿਨ ਕੇ ਸੰਸੇ ਸਗਲੇ ਗਏ । 12

ਦੇਖੋ ਹਰਿਜਸ ਪੋਥੀ, ਪਤ੍ਰਾ 727

## ਪਿੰਡ ਨੂੰ ਵਰ

ਬਜ਼ੁਰਗਾਂ ਤੋਂ ਸੀਨੇ ਬਸੀਨੇ ਸੁਣਦੇ ਆ ਰਹੇ ਹਾਂ ਕਿ ਭਾਈ ਦਰਬਾਰੀ ਨੇ ਆਪਣੀ ਰਹਾਇਸ਼ ਸਮੇਂ ਪਿੰਡ ਵਾਸੀਆਂ ਦੀ ਸੇਵਾ ਤੇ ਆਗਿਆ ਮੰਨਣ ਤੇ ਖੁਸ਼ ਹੋ ਕੇ ਕੁਝ ਵਰਦਾਨ ਦਿੱਤੇ ਸਨ ਜੋ ਹੁਣ ਤਕ ਪ੍ਰਤੱਖ ਦੇਖਣ ਵਿਚ ਆ ਰਹੇ ਹਨ :

1. ਪਿੰਡ ਵਿਚ ਹੈਜ਼ੇ (ਡਾਲ) ਦੀ ਬੀਮਾਰੀ ਨਾਲ ਬੀਮਾਰ ਹੋ ਕੇ ਕੋਈ ਵੀ ਪ੍ਰਾਣੀ ਪਿੰਡ ਦੀ ਹੱਦ ਦੇ ਅੰਦਰ ਨਹੀਂ ਮਰੇਗਾ ।
2. ਹਰ ਪੰਦਰਾਂ ਦਿਨਾਂ ਬਾਦ ਇਕਾਦਸ਼ੀ ਵਾਲੇ ਦਿਨ ਬਲਦਾਂ ਨੂੰ ਛੁੱਟੀ ਰਖੋਗੇ ਤਾਂ ਪਿੰਡ ਦੀ ਹੱਦ ਅੰਦਰ ਗੜਿਆਂ ਨਾਲ ਫਸਲ ਦਾ ਨੁਕਸਾਨ ਨਹੀਂ ਹੋਵੇਗਾ ।
3. ਜੋ ਪਿੰਡ ਤੇ ਚੜ੍ਹ ਕੇ ਆਵੇਗਾ ਹਾਰ ਕੇ ਜਾਵੇਗਾ ।
4. ਇਸ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਜੋ ਕੋਈ ਸੁੱਖਣਾ ਸੁੱਖੇਗਾ ਪੂਰੀ ਹੋਵੇਗੀ ।

ਉਨ੍ਹਾਂ ਦੇ ਉਪਰੋਕਤ ਬਚਨ ਹੁਣ ਤੱਕ ਪੂਰੇ ਹੁੰਦੇ ਆਏ ਹਨ । ਸਿੱਖਾਂ ਤੇ ਹਿੰਦੂਆਂ

ਤੋਂ ਇਲਾਵਾ ਪਾਕਿਸਤਾਨ ਬਣਨ ਤੋਂ ਪਹਿਲਾਂ ਮੁਸਲਮਾਨ ਵੀ ਸੁੱਖਣਾ ਸੁੱਖਦੇ ਤੇ ਕੜ੍ਹਾਹ ਪ੍ਰਸ਼ਾਦ ਦੀਆਂ ਦੇਗਾਂ ਕਰਾਉਂਦੇ ਸਨ ।

## ਪਿੰਡ ਵਾਸੀਆਂ ਦੀ ਸ਼ਰਧਾ ਤੇ ਭੈ

1. ਇਸ ਅਸਥਾਨ ਤੇ ਕੋਈ ਝੂਠੀ ਸਹੁੰ ਨਹੀਂ ਚੁੱਕਦਾ । ਪਿੰਡ ਦੇ ਲੋਕ ਦਸਦੇ ਹਨ ਕਿ ਚੰਦ ਸਿੰਘ ਨਾਮੀ ਵਿਅਕਤੀ ਪੁਲੀਸ ਦੇ ਅਨੇਕਾਂ ਕਸ਼ਟਾਂ ਦੇ ਬਾਵਜੂਦ ਆਪਣੇ ਪਾਸ ਨਜਾਇਜ਼ ਪਸਤੌਲ ਹੋਣਾ ਨਾ ਮੰਨਿਆ ਪਰ ਭਾਈ ਦਰਬਾਰੀ ਜੀ ਦੇ ਗੁਰਦੁਆਰੇ ਆ ਝੂਠੀ ਸਹੁੰ ਚੁੱਕਣ ਤੋਂ ਡਰ ਕੇ ਪਸਤੌਲ ਕੱਢ ਦਿੱਤਾ ।

2. ਭਾਈ ਅਰਜਨ ਸਿੰਘ ਇਸ ਗੁਰਦੁਆਤੇ ਵਿਚ ਗ੍ਰੰਥੀ ਦੀ ਸੇਵਾ ਕਰਦਾ ਸੀ । ਇਕ ਵਾਰ ਉਹ ਸ਼ਰਾਬ ਪੀ ਕੇ ਗੁਰਦੁਆਰੇ ਆ ਗਇਆ । ਸਿੰਘਾਂ ਨੇ ਕਹਿਆ ਤੂੰ ਮੁੜ ਸ਼ਰਾਬ ਪੀ ਕੇ ਨ ਆਵੀਂ । ਉਸ ਕਿਹਾ ਭਾਈ ਦਰਬਾਰੀ ਕਿਹੜਾ ਮੇਰੀ ਲੱਤ ਭੰਨ ਦੂਗਾ । ਥੋੜੇ ਦਿਨਾਂ ਬਾਅਦ ਜਦ ਉਹ ਗੱਡੇ ਤੇ ਬੈਠ ਕੇ ਖੇਤ ਨੂੰ ਜਾ ਰਿਹਾ ਸੀ ਤਾਂ ਅਚਾਨਕ ਬਲਦ ਡਰ ਗਏ ਤੇ ਗੱਡਾ ਕਿੱਕਰ ਵਿਚ ਜਾ ਵੱਜਾ ਤੇ ਉਸ ਦੀ ਲੱਤ ਕਿੱਕਰ ਤੇ ਗੱਡੇ ਵਿਚਕਾਰ ਆ ਕੇ ਕੁਚਲੀ ਗਈ । ਅੰਤ ਨੂੰ ਉਹ ਲੱਤ ਕਟਵਾਉਣੀ ਪਈ । ਲੋਕਾਂ ਨੇ ਇਸਨੂੰ ਭਾਈ ਦਰਬਾਰੀ ਦੀ ਕ੍ਰੋਪੀ ਤੇ ਉਸ ਦੀ ਮਾੜੀ ਕਰਨੀ ਦੀ ਸਜ਼ਾ ਮੰਨਿਆ ।

## ਉਤ੍ਰਾਧਿਕਾਰੀ

ਭਾਈ ਦਰਬਾਰੀ ਜੀ ਨੇ ਚੂੰਕਿ ਸ਼ਾਦੀ ਨਹੀਂ ਸੀ ਕਰਵਾਈ ਇਸ ਕਰਕੇ ਉਨ੍ਹਾਂ ਨੇ ਆਪਣੇ ਸ਼ਿਸ਼ਾਂ ਵਿਚੋਂ ਆਪਣੀ ਭੈਣ ਕੰਧਾਰੀ ਦੇ ਪੁੱਤਰ ਸੁੱਖੇ ਨੂੰ ਆਪਣਾ ਉਤ੍ਰਾਧਿਕਾਰੀ ਬਣਾਇਆ ਕਿਉਂਕਿ ਉਸ ਨੂੰ ਉਨ੍ਹਾਂ ਨੇ ਆਪਣੇ ਪੁੱਤਰਾਂ ਵਾਂਗ ਪਾਲਿਆ ਤੇ ਆਪਣੀ ਨਿਗਰਾਨੀ ਵਿਚ ਪੜ੍ਹਾਇਆ ਸੀ । ਇਹ ਪਤਾ ਨਹੀਂ ਚਲਦਾ ਕਿ ਉਹ ਵਿਦਵਾਨ ਵੀ ਸੀ ਜਾਂ ਨਹੀਂ, ਉਸ ਨੇ ਕੋਈ ਕਾਵਿ ਰਚਨਾ ਵੀ ਕੀਤੀ ਸੀ ਕਿ ਨਹੀਂ । ਹੁਣ ਤਕ ਉਸ ਦੀ ਕਿਸੇ ਰਚਨਾ ਬਾਰੇ ਕੋਈ ਜਾਣਕਾਰੀ ਨਹੀਂ । ਇਹ ਹੋ ਸਕਦਾ ਹੈ ਕਿ ਉਹ ਲਿਖਾਰੀ ਹੋਵੇ ਤੇ ਉਸ ਨੇ ਹਰਿ ਜਸ ਗ੍ਰੰਥ ਲਿਖਣ ਸਮੇਂ ਕੋਈ ਯੋਗਦਾਨ ਪਾਇਆ ਹੋਵੇ ।

ਭਾਈ ਦਰਬਾਰੀ ਜੀ ਨੇ ਸੁੱਖੇ ਨੂੰ ਹਦਾਇਤ ਕੀਤੀ ਸੀ ਕਿ ਏਥੇ ਗੁਰੂ ਬਾਣੀ ਦੀ ਕਥਾ ਤੇ ਕੀਰਤਨ ਦਾ ਪ੍ਰਵਾਹ ਚਲਦਾ ਰਹੇ ਤੇ ਲੰਗਰ ਅਤੁਟ ਵਰਤਦਾ ਰਹੇ । ਬਜ਼ੁਰਗਾਂ ਨੇ ਦਸਿਆ ਹੈ ਕਿ ਸੁੱਖੇ ਦੇ ਸਮੇਂ ਤਕ ਲੰਗਰ ਚਲਦਾ ਰਿਹਾ ਤੇ ਗੁਰਬਾਣੀ ਦਾ ਪ੍ਰਚਾਰ ਹੁੰਦਾ ਰਿਹਾ । ਪਰ ਬਾਦ ਵਿਚ ਉਤਰਾਧਿਕਾਰੀਆਂ ਦੀ ਕਮਜ਼ੋਰੀ ਦੇ ਕਾਰਣ ਇਹ ਸਿਲਸਲਾ ਬੰਦ ਹੋ ਗਿਆ । ਜਿਸ ਕਰਕ ਹੌਲੀ ਹੌਲੀ ਉਨ੍ਹਾਂ ਪਾਸੋਂ ਜ਼ਮੀਨ ਖੁਸ ਗਈ । ਬਾਦ ਵਿਚ ਉਨ੍ਹਾਂ ਨੇ ਹਾਈ ਕੋਰਟ ਲਾਹੌਰ ਵਿਚ ਮੁਕਦਮਾ ਕਰਕੇ ਤੇ ਆਪਣੇ ਆਪ ਨੂੰ ਸੁੱਖੇ ਦੀ ਉਲਾਦ ਸਾਬਤ ਕਰਕੇ ਮੁੜ ਜ਼ਮੀਨ ਦੇ ਮਾਲਕ ਬਣੇ । ਪਰ ਜ਼ਮੀਨ ਘਟਦੀ ਘਟਦੀ ਸਿਰਫ਼ ਦਸ ਕੁ ਘੁਮਾਉ ਰਹਿ ਗਈ । ਸੁੱਖੇ ਤੋਂ ਬਾਦ ਉਸ ਦੇ ਪੋਤਰੇ ਚੜ੍ਹਤੇ ਦਾ ਜ਼ਿਕਰ ਜ਼ਮੀਨ ਦੇ ਕਾਗਜ਼ਾਂ ਵਿਚ ਮਿਲਦਾ ਹੈ ਫਿਰ ਇਸ ਜ਼ਮੀਨ ਦਾ ਮਾਲਕ ਗੋਂਦਾ ਖੱਤ੍ਰੀ, ਗੋਂਦੇ ਦਾ ਬੂਟਾ, ਬੂਟੇ ਦੇ ਤਿੰਨ ਪੁੱਤਰ ਕਰਤਾਰ ਸਿੰਘ, ਮੁਨਸ਼ੀ ਸਿੰਘ ਤੇ ਗੁਰਦਿਆਲ ਸਿੰਘ ਇਹ ਤਿੰਨੇ ਭਰਾ ਵੈਰੋਕੇ ਪਿੰਡ ਵਿਚ ਵਸਦੇ ਹਨ ਪਰ ਹੁਣ ਇਨ੍ਹਾ ਦਾ ਪ੍ਰਬੰਧ ਨਾਲ ਕੋਈ ਸੰਬੰਧ ਨਹੀਂ ਹੈ ।

ਹਰਿ ਜਸ ਗ੍ਰੰਥ ਨੂੰ ਡੋਡ ਪਿੰਡ ਦਾ ਇਕ ਸਜਣ ਜੁਗਰਾਜ ਸਿੰਘ ਆਪਣੇ ਪਿੰਡ ਲੈ

ਗਿਆ ਤੇ ਮੁੜ ਵਾਪਸ ਦੇਣ ਨਾ ਆਇਆ । ਡੋਡ ਪਿੰਡ 'ਚ ਇਹ ਗ੍ਰੰਥ ਪਿੰਡ ਦੇ ਲਾਹੀਆ ਜੱਟ ਦੇ ਘਰ ਪਿਆ ਰਿਹਾ । ਪਿੰਡ ਦੇ ਮੁਖੀਆਂ ਸਮੇਤ ਵੈਰੋਕੇ ਤੋਂ 40 ਆਦਮੀ ਬਰਛਿਆਂ ਤੇ ਤਲਵਾਰਾਂ ਸਮੇਤ ਗਏ ਤੇ ਪਿੰਡ ਡੋਡ ਤੋਂ ਹਰਿ ਜਸ ਪੋਥੀ ਵਾਪਸ ਲੈ ਕੇ ਆਏ । ਉਨ੍ਹਾਂ ਵਿਚ ਮਹੰਤ ਹਰੀ ਸਿੰਘ ਅਤੇ ਸਰਪੰਚ ਹਰਦਿੱਤ ਸਿੰਘ ਵਹਿਣੀਵਾਲ ਸ਼ਾਮਲ ਸਨ । ਕੁਝ ਹੋਰ ਹਥ ਲਿਖਤ ਪੋਥੀਆਂ ਉਥੇ ਰਹਿ ਗਈਆਂ ਜਿੰਨ੍ਹਾਂ ਨੂੰ ਬਾਦ ਵਿਚ ਪਿੰਡ ਵਾਲਿਆਂ ਨੇ ਜਲ ਪ੍ਰਵਾਹ ਕਰ ਦਿੱਤਾ ।

## ਗੁਰਦੁਆਰਾ ਭਾਈ ਦਰਬਾਰੀ

ਇਸ ਜਗ੍ਹਾ ਤੇ ਹੁਣ ਭਾਈ ਦਰਬਾਰੀ ਦੇ ਨਾਮ ਤੇ ਗੁਰਦੁਆਰਾ ਬਣਿਆ ਹੋਇਆ ਹੈ । ਇਹ ਪੁਰਾਣੇ ਸਮੇਂ ਵਿਚ ਸ਼ਮਸ਼ਾਨ ਘਾਟ ਸੀ ਜਿਥੇ ਭਾਈ ਦਰਬਾਰੀ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਤੇ ਬਾਦ ਵਿਚ ਉਨ੍ਹਾਂ ਦੀ ਯਾਦਗਰ ਵਜੋਂ ਉਸ ਅਸਥਾਨ ਤੇ ਸਮਾਧ ਬਣਾ ਦਿੱਤੀ ਗਈ । ਲਾਗੇ ਇਕ ਛਪੜੀ ਸੀ ਜਿਸ ਨੂੰ ਲੋਕ ਭਾਈ ਦਰਬਾਰੀ ਦੀ ਛਪੜੀ ਕਹਿੰਦੇ ਸਨ । ਸਮਾਧ ਦੇ ਇਰਦ ਗਿਰਦ ਵਾਲੀ ਥਾਂ ਨਾਲ ਰਲਾ ਕੇ ਹੁਣ ਬਹੁਤ ਉਚਾ ਗੁਰਦੁਆਰੇ ਦਾ ਹਾਲ ਬਣ ਰਿਹਾ ਹੈ । ਛਪੜੀ ਵਾਲੀ ਥਾਂ ਤੇ ਨਿੱਕਾ ਜਿਹਾ ਸਰੋਵਰ ਬਣ ਗਿਆ ਹੈ ਜਿਥੇ ਹਰ ਮੱਸਿਆ ਨੂੰ ਜੋੜ ਮੇਲਾ ਹੁੰਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ । ਗੁਰਮਤਿ ਅਨੁਸਾਰ ਮਰਯਾਦਾ ਚਲ ਰਹੀ ਹੈ । ਪ੍ਰਬੰਧ ਲਈ ਪਿੰਡ ਦੇ ਸਿੰਘਾਂ ਦੀ ਕਮੇਟੀ ਬਣੀ ਹੋਈ ਹੈ ਜਿਸ ਦੇ ਪ੍ਰਧਾਨ ਸ. ਬਲਵੰਤ ਸਿੰਘ ਹਨ ।

## ਰਚਨਾ

ਭਾਈ ਦਰਬਾਰੀ ਦੀਆਂ ਰਚਨਾਵਾਂ ਦਾ ਸੰਗ੍ਰਹ ਵੱਡੇ ਅਕਾਰ ਦਾ ਮਹਾਨ ਗ੍ਰੰਥ 'ਹਰਿਜਸ' ਪੋਥੀ ਨਾਮ ਦਾ ਭਾਈ ਦਰਬਾਰੀ ਦਾਸ ਦੇ ਗੁਰਦੁਆਰੇ ਪਿੰਡ ਵੈਰੋਕੇ ਵਿਖੇ ਉਪਲੱਬਧ ਹੈ ਜਿਸ ਦੇ ਕੁੱਲ ਪੱਤ੍ਰੇ 919 ਹਨ । ਇਸ ਗ੍ਰੰਥ ਦਾ ਅਕਾਰ 13½ × 13 ਇੰਚ ਹੈ । ਜਿਲਦ ਸਮੇਤ ਮੋਟਾਈ 5½ ਇੰਚ ਤੇ ਬਿਨਾ ਜਿਲਦ 4½ ਇੰਚ ਹੈ । ਇਕ ਪੰਨੇ ਉਪਰ ਲਗਭਗ 21 ਸਤਰਾਂ ਹਨ ਤੇ ਹਰ ਸਤਰ ਵਿਚ ਔਸਤਨ 11 ਸ਼ਬਦ ਹਨ । ਮੋਟੇ ਜੇਹੇ ਹਿਸਾਬ ਨਾਲ ਅਟਾ ਸਟਾ ਕੁਲ 3 ਲਖ 20 ਹਜ਼ਾਰ ਸ਼ਬਦ ਹਨ ।

ਅਰੰਭ ਵਿਚ ਕੁਝ ਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ ਵਾਂਗ ਸੰਖੇਪ ਮੂਲ ਮੰਤ੍ਰ ੧ਓ ਸ੍ਰੀ ਸਤਿਗੁਰੂ ਕੇ ਪਰਸਾਦਿ ਲਿਖ ਕੇ ਅਗੋਂ ਜਪੁਜੀ ਦਾ ਪਹਿਲਾ ਸਲੋਕ ਲਿਖਿਆ ਹੈ ਸਲੋਕ ॥ ਆਦਿ ਸਚੁ ਜੁਗਾਦਿ ਸਚ ॥ ਹੈ ਭੀ ਸਚ ॥ ਨਾਨਕ ਹੋਸੀ ਭੀ ਸਚ ॥ ਫਿਰ ਕੁਝ ਕੁ ਪਾਠ ਭੇਦ ਨਾਲ ਮੂਲ ਮੰਤ੍ਰ ਐਉਂ ਲਿਖਿਆ ਹੈ : ਸਚੁ ਨਾਮੁ ਕਰਤਾ ਪੁਰਖ ॥ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੰਭਉ ॥ ਸਤਿਗੁਰੂ ਕੇ ਪ੍ਰਸਾਦਿ ॥" ਅਗੋਂ ਇਕ ਸ਼ਬਦ ਮਿਹਰਵਾਨ ਦਾ ਮ. 7 ਸ਼ੀਰਸ਼ਕ ਹੇਠ ਲਿਖ ਕੇ ਫਿਰ ਆਪਣੇ ਵਲੋਂ ਇਕ ਸ਼ਬਦ ਲਿਖਕੇ ਮੰਗਲਾਚਰਨ ਦਿਤਾ ਹੈ ਫਿਰ 'ਹਰਿ ਜਸ' ਸਿਰਲੇਖ ਲਿਖਕੇ ਜਪੁਜੀ ਸਾਹਿਬ ਦੇ ਨਮੂਨੇ ਤੇ 38 ਪਉੜੀਆਂ ਤੇ ਇਕ ਸਲੋਕ ਲਿਖਿਆ ਹੈ ।

## ਰਾਗਾਂ ਵਿਚ ਅਧਿਆਤਮਿਕ ਕਾਵਿ

ਪੱਤ੍ਰਾ 6/1 ਦੇ ਹੇਠੋਂ ਸ਼ੁਰੂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਰਾਗਾਂ ਵਿਚ ਕਾਵਿ ਰਚਨਾ ਕੀਤੀ ਹੈ ਪਰ ਰਾਗਾਂ ਦੀ ਤਰਤੀਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਨਹੀਂ

ਹੈ । ਕੁਲ 35 ਰਾਗ ਵਰਤੇ ਹਨ ਜਿਨ੍ਹਾਂ ਵਿਚੋਂ 31 ਰਾਗ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਹਨ ਤੇ ਚਾਰ ਰਾਗੁ ਮਾਲ ਕੌਂਸ, ਆਸਾਵਰੀ, ਮਾਲਵਾ ਤੇ ਹਿੰਡੋਲ ਨਵੇਂ ਪ੍ਰਵਿਸ਼ਟ ਕੀਤੇ ਹਨ । ਆਪਣੀ ਕਾਵਿ ਰਚਨਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਾਂਗ ਹੀ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਅਸਟਪਦੀਆਂ ਕਾਫ਼ੀ, ਛੰਤ ਤੇ ਘਰ ਆਦਿ ਵਰਤੇ ਹਨ । 20 ਵਾਰਾਂ ਵੀ ਲਿਖੀਆਂ ਹਨ । ਇਹ ਰਾਗਾਂ ਰਾਹੀਂ ਕਾਵਿ ਰਚਨਾ 6/ੳ ਪੱਤ੍ਰੇ ਤੋਂ 529 ਪੱਤ੍ਰੇ ਤਕ ਹੈ । ਰੂਪਕ ਪੱਖ ਤੋਂ ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਕਲ ਜਾਪਦੀ ਹੈ । ਕਈ ਥਾਂ ਗੁਰਬਾਣੀ ਦਾ ਟੀਕਾ ਜਾਂ ਵਿਆਖਿਆ ਪ੍ਰਤੀਤ ਹੁੰਦੀ ਹੈ । ਸ਼ਬਦਾਵਲੀ ਵਧੇਰੇ ਕਰਕੇ ਗੁਰਬਾਣੀ ਵਾਲੀ ਹੀ ਹੈ । ਕਈ ਜਗ੍ਹਾ ਗੁਰਬਾਣੀ ਦੀਆਂ ਤੁਕਾਂ ਹੀ ਹੂ ਬਹੂ ਜਾਂ ਕੁਝ ਪਾਠ ਭੇਦ ਪਾ ਕੇ ਜੜ ਦਿੱਤੀਆਂ ਹਨ । ਸਿਧਾਂਤ ਵੀ ਜ਼ਿਆਦਾ ਤਰ ਗੁਰਬਾਣੀ ਵਾਲਾ ਹੀ ਹੈ । ਮੁਖ ਵਿਸ਼ਾ ਅਧਿਆਤਮਿਕ ਹੈ ਜਿਵੇਂ ਪ੍ਰਮੇਸ਼ਰ ਦਾ ਸਰੂਪ ਤੇ ਉਸਤਤਿ, ਗੁਰੂ, ਸਤਿਸੰਗਤ, ਨਾਮ ਸਿਮਰਨ ਤੇ ਕੀਰਤਨ ਆਦਿ ਦੀ ਮਹਿਮਾ ਦਾ ਵਰਣਨ । ਕਈ ਥਾਵਾਂ ਤੇ ਲੇਖਕ ਆਪਣੇ ਵਿਚਾਰਾਂ ਦਾ ਵਰਣਨ ਕਰਦਿਆਂ ਅਵਤਾਰਵਾਦ ਵਲ ਝੁਕ ਜਾਂਦਾ ਹੈ ਤੇ ਸਰਗੁਣ ਉਪਾਸ਼ਨਾ ਵਲ ਵਧੇਰੇ ਉਲਾਰ ਹੋ ਜਾਂਦਾ ਹੈ ਪਰ ਫਿਰ ਵੀ ਵਧੇਰੇ ਕਰਕੇ ਗੁਰਮਤਿ ਦੀ ਸੁਰ ਹੀ ਉੱਚੀ ਰਹਿੰਦੀ ਹੈ । ਭਾਸ਼ਾ ਆਮ ਤੌਰ ਤੇ ਸਾਧ ਭਾਸ਼ਾਂ ਜਾਂ ਗੁਰਬਾਣੀ ਵਾਲੀ ਹੈ । ਵਿਚ ਵਿਚ ਆਮ ਪੇਂਡੂ ਪੰਜਾਬੀ ਸ਼ਬਦ ਵੀ ਵਰਤ ਜਾਂਦਾ ਹੈ ਪਰ ਵਾਰਾਂ ਦੀ ਭਾਸ਼ਾ ਨਿਰੋਲ ਪੰਜਾਬੀ ਹੈ ।

### ਪਰਚੀਆਂ ਭਗਤਾਂ ਕੀਆਂ

530 ਪੱਤ੍ਰੇ ਉਪਰ ਅਉਤਾਰ ਲੀਲ੍ਹਾ ਦਾ ਵਰਣਨ ਹੈ । 531 ਪੱਤ੍ਰੇ ਤੋਂ 761 ਪੱਤ੍ਰੇ ਤਕ 30 ਭਗਤਾਂ ਦੀਆਂ ਪਰਚੀਆਂ ਭਾਵ ਜੀਵਨੀਆਂ, ਕਾਵਿ-ਰਚਨਾ ਦੁਆਰਾ ਅੰਕਿਤ ਕੀਤੀਆਂ ਹਨ ਜਿਨ੍ਹਾਂ ਵਿਚ ਭਗਤਾਂ ਦੇ ਜੀਵਨ ਦੇ ਅਨੇਕ ਪੱਖਾਂ ਤੇ ਚਾਨਣਾ ਪਾਇਆ ਗਇਆ ਹੈ । ਭਾਵੇਂ ਇਨ੍ਹਾਂ ਪਰਚੀਆਂ ਦਾ ਮੂਲ ਸ੍ਰੋਤ 'ਪੋਥੀ ਪ੍ਰੇਮ ਅੰਬੋਧ' ਹੈ ਫਿਰ ਵੀ ਪ੍ਰਸੰਗ ਨੂੰ ਪੇਸ਼ ਕਰਨ ਦਾ ਢੰਗ ਕਵੀ ਦਾ ਆਪਣਾ ਤੇ ਨਿਰਾਲਾ ਹੈ । ਭਗਤਾਂ ਦੇ ਜੀਵਨੀ ਗ੍ਰੰਥਾਂ ਵਿਚ ਜਿਹੜੇ ਪੰਜਾਬੀ ਜਾਂ ਖ੍ਰਿਜ ਵਿਚ ਲਿਖੇ ਗਏ ਹਨ, ਇਹ ਆਕਾਰ ਵਿਚ ਸਭ ਤੋਂ ਵੱਡਾ ਗ੍ਰੰਥ ਹੈ । ਉਨ੍ਹਾਂ ਇਨ੍ਹਾਂ ਭਗਤਾਂ ਨੂੰ ਡਾ. ਸੇਕ ਨੇ ਜੁਗਾਂ ਅਨੁਸਾਰ ਇਸ ਤਰ੍ਹਾਂ ਵੰਡਿਆ ਹੈ ।

| | |
|---|---|
| ਸਤਿਜੁਗ ਦੇ ਭਗਤ | --1. ਅਮਰੀਕ, 2. ਨਾਰਦ, 3, ਧ੍ਰੂ, 4. ਪ੍ਰਹਿਲਾਦ । |
| ਤ੍ਰੇਤੇ ਦੇ ਭਗਤ | 5. ਜਨਕ, 6. ਸੁਖਦੇਵ, 7. ਭਭੀਖਨ, 8. ਜੜ ਭਰਥ, 9. ਕਪਲ 10. ਮਦੋਦਰੀ, 11. ਸੀਤਾ । |
| ਦੁਆਪਰ ਦੇ ਭਗਤ | 12. ਧ੍ਰੋਪਤੀ, 13. ਅਰਜਨ, 14. ਉਧੋ, 15. ਅਕ੍ਰੂਰ, 16. ਬਿਦਰ 17. ਸੁਦਾਮਾ । |
| ਕਲਜੁਗ ਦੇ ਭਗਤ | 18. ਰਾਮਾਨੰਦ, 19. ਨਾਮਦੇਵ, 20. ਤ੍ਰਿਲੋਚਨ, 21. ਕਬੀਰ, 22. ਰਵੀਦਾਸ, 23. ਜੈਦੇਵ, 24. ਧੰਨਾ, 25. ਬੇਣੀ, 26. ਸਧਨਾ, 27. ਸੈਣ, 28. ਪੀਪਾ, 29. ਸੂਰਦਾਸ, 30. ਗੁਰੂ ਬਾਬਾ ਨਾਨਕ । |

ਭਾਵੇਂ ਇਨ੍ਹਾਂ ਪਰਚੀਆਂ ਵਿਚ ਇਤਿਹਾਸਕ ਤੱਥਾਂ ਦੇ ਮੁਕਾਬਲੇ ਮਿਥਹਾਸਕ ਤੱਥ ਵਧੇਰੇ ਹਨ ਫਿਰ ਵੀ ਕਵੀ ਨੇ ਭਗਤਾਂ ਦੇ ਜੀਵਨ ਦੇ ਕਈ ਪੱਖ ਨੂੰ ਜ਼ਰੂਰ ਉਘਾੜਿਆ ਹੈ ।

761 ਪੱਤ੍ਰੇ ਤੋਂ 919 ਪੱਤ੍ਰੇ ਤੱਕ ਦੀਆਂ ਰਚਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

## ਕਬਿੱਤ ਸਵਯੇ ਅੰਗਾਂ ਦੇ

ਅੰਗਾਂ ਦੀ ਰਚਨਾ 761 ਪੱਤ੍ਰੇ ਤੋਂ 827 ਪੱਤ੍ਰੇ ਤੱਕ ਕਬਿਤ ਸਵੱਯੇ ਅੰਗਾਂ ਦੇ ਰਾਹੀਂ ਅੰਗਾਂ 'ਚ ਕਾਵਿ ਰਚਨਾ ਕੀਤੀ ਹੈ ਅੰਗ ਦਾ ਅਰਥ ਭਾਗ ਜਾਂ ਹਿੱਸਾ ਹੈ ਪਰ ਏਥੇ ਅੰਗ ਤੋਂ ਭਾਵ ਕਾਵਿ ਰੂਪ ਨਹੀਂ ਸਗੋਂ ਵਿਸ਼ਾ ਜਾਂ ਮਜ਼ਮੂਨ ਹੈ । ਅੱਡ ਅੱਡ ਵਿਸ਼ਿਆਂ ਉਪਰ ਉਨ੍ਹਾਂ ਦੇ ਸਿਰਲੇਖ ਦੇ ਕੇ ਕਾਵਿ ਰਚਨਾ ਕੀਤੀ ਹੈ ਜਿਵੇਂ ਕਿ ਪੁਰਾਤਨ ਗਰੀਬ ਦਾਸ ਆਦਿ ਕਵੀਆਂ ਦੀ ਰੀਤਿ ਸੀ । ਇਹ ਵਿਸ਼ੇ 35 ਹਨ ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

1. ਗੁਰਦੇਵ ਕੋ ਅੰਗ, 2. ਗੁਰਮੁਖਿ ਬਾਕ ਬਿਸਵਾਸ਼ ਕੋ ਅੰਗ, 3. ਰਾਮ ਨਾਮ ਕਾ ਮਹਾਤਮ, 4. ਸਿਛਿਆ ਕੋ ਅੰਗ, 5. ਉਪਦੇਸ਼ ਚਿਤਾਵਣੀ, 6. ਕਾਲ ਚਿਤਾਵਨ, 7. ਦੇਹ ਆਤਮਾ ਵਿਛੋੜਾ, 8. ਤ੍ਰਿਸ਼ਨਾ, 9. ਧੀਰਜ ਉਰਾਹਨੇ, 10. ਬਿਵਾਸ ਕੋ, 11. ਦੇਹ ਅਭਿਮਾਨ, 12. ਦੇਹ ਮਲੀਨਤਾ ਗ੍ਰਬ ਪਰਹਾਰ, 13. ਨਾਰੀ ਨਿੰਦਾ, 14. ਦੁਸ਼ਟ ਕੋ, 15. ਮਨ, 16. ਚਾਨਕ ਕੋ ਅੰਗ, 17. ਬਿਪਰੀਤ ਗਿਆਨੀ, 18. ਬਚਨ ਬਿਬੇਕ ਕੋ ਅੰਗ, 19. ਨਿਰਗੁਨ ਉਪਾਸਨਾ, 20. ਸਰਗੁਨ ਉਪਾਸ਼ਨਾ, 21. ਭਾਗ ਭਗਤਿ, 22. ਵੈਰਾਗ, ਉਤਪਤਿ, 23. ਜੋਗ, 24. ਪਤਿ-ਬ੍ਰਤ, 25. ਬ੍ਰਿਹ ਬਯੋਗ, 26. ਸ਼ਬਦ ਸਾਰ, 27. ਸੂਰਤਣ, 28, ਸਾਧੂ, 29. ਭਗਤ ਗਿਆਨ ਮਿਸ੍ਰਤ, 30. ਬੇਪ੍ਰਜੇ, 31. ਅਪਨੇ ਭਾਵ, 32. ਸਰੂਪ ਬਿਸਰਜਨ, 33. ਸਾਖ ਗਯਾਨ, 34. ਕਲਜੁਗ 35. ਪਤਿਤ ਉਧਾਰਨ ।[4]

ਇਹ ਕੁਲ 607 ਛੰਦ ਹਨ । ਇਸ ਅੰਗਾਂ ਦੀ ਰਚਨਾ ਵਿਚ ਦੋਹਰਾ, ਸੋਰਠਾ, ਛਪੈ, ਤੋਟਕ, ਫੁਨਹਾ, ਤਿਲਕਾ ਤੇ ਬੈਂਤ ਆਦਿ ਛੰਦ ਵਰਤੇ ਹਨ ।

## ਸਵੱਯੇ ਕਬਿਤ ਸਰਬੰਗ ਸਮੁਧੇ

ਅੰਗਾਂ ਦੇ ਕਬਿਤ ਸਵੱਯਾਂ ਤੋਂ ਬਾਅਦ ਸਵੱਯੇ, ਕਬਿਤ, ਸਰਬੰਗ, ਸਮੁਧੇ ਪੱਤ੍ਰ, 827 ਤੋਂ 853 ਤੱਕ ਦਰਜ ਹਨ । ਸਰਬੰਗ ਸਮੁਧੇ ਦਾ ਭਾਵ ਇਹ ਹੈ ਕਿ ਇਸ ਰਚਨਾ ਵਿਚ ਅੰਗਾਂ ਵਾਲੀ ਰਚਨਾ ਵਾਂਗ ਅੰਗ ਵੱਖ ਵੱਖ ਨਹੀਂ ਹਨ, ਸਾਰੇ ਅੰਗਾਂ ਦੀ ਰਲੀ ਮਿਲੀ ਰਚਨਾ ਹੈ । ਛੰਦਾਂ ਦੇ ਵਿਸ਼ੇ ਵੱਖ ਵੱਖ ਹਨ ਇਸ ਰਚਨਾ ਦੇ ਕੁਲ 215 ਸਵੱਯੇ ਤੇ ਕਬਿਤ ਹਨ ।

**ਬਾਵਨ ਅਖਰੀ** : ਸੰਸਕ੍ਰਿਤ ਦੇ 52 ਅੱਖਰਾਂ ਤੇ ਆਧਾਰਤ ਇਹ ਰਚਨਾ ਸਵੱਯਾ ਵਿਚ ਕੀਤੀ ਹੈ । ਇਹ ਰਚਨਾ ਪੱਤ੍ਰਾ 853 ਤੋਂ 859 ਉਪਰ ਦਰਜ ਹੈ । ਮਨੁੱਖ ਨੂੰ ਸੁਭ ਉਪਦੇਸ਼ ਅਖਰਾਂ ਰਾਹੀਂ ਦਿੱਤੇ ਹਨ ਉਸੇ ਤਰ੍ਹਾਂ ਜਿਵੇਂ ਗਉੜੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭਗਤ ਕਬੀਰ ਜੀ ਰਚਿਤ ਬਾਵਨ ਅਖਰੀ ਬਾਣੀਆਂ ਹਨ ।

**ਬਾਰ੍ਹਾਮਾਂਹ** : ਇਹ ਰਚਨਾ ਬਾਰਾਂ ਮਹੀਨਿਆਂ ਰਾਹੀਂ ਆਤਮ-ਉਪਦੇਸ਼ ਦੇਂਦੀ

---

4. ਗੁਰਚਰਨ ਸਿੰਘ ਸੇਕ, "ਪਰਚੀਆਂ ਭਗਤਾਂ ਦੀਆਂ" ਦਰਬਾਰੀ ਦਾਸ ਕ੍ਰਿਤ : ਵਿਵੇਚਨਾਤਮਕ ਅਧਿਐਨ, "(ਅਪ੍ਰਕਾਸ਼ਿਤ ਪੀ. ਐਚ. ਡੀ. ਖੋਜ ਪ੍ਰਬੰਧ) ਗੁ. ਨਾ. ਦੇ. ਯੂਨੀਵਰਸਿਟੀ ਅੰਮ੍ਰਿਤਸਰ

ਹੈ । ਇਹ 14 ਛੰਦ ਹਨ ਜੋ ਪੱਤ੍ਰਾ 859-60 ਉਪਰ ਦਰਜ ਹਨ । ਬਾਰਾਮਾਹਾਂ ਦਾ ਆਮ ਵਿਸ਼ਾ ਪ੍ਰਭੂ ਜਾ ਗੁਰੂ ਦੇ ਵਿਛੋੜੇ ਦਾ ਵਰਣਨ ਤੇ ਅੰਤ ਵਿਚ ਮਿਲਾਪ ਦਾ ਸੁਖ ਤੇ ਅਨੰਦ ਦਾ ਉਲੇਖ ਹੈ । ਇਕ ਹੋਰ ਬਾਰਾਮਾਹਾ ਮਾਝ ਰਾਗ ਵਿਚ ਵੀ ਲਿਖਿਆ ਮਿਲਦਾ ਹੈ ।

**ਸਤਵਾਰਾ :** ਜਿਸ ਦਾ ਸਿਰਲੇਖ ਵਾਰ ਸਤ ਲਿਖਿਆ ਹੈ । ਇਹ ਰਚਨਾ 860 ਤੋਂ 862 ਪੱਤ੍ਰੇ ਉਪਰ ਦਰਜ ਹੈ । ਐਤਵਾਰ ਨੂੰ ਵਿਛੜੀ ਆਤਮਾ ਦੀ ਦਸ਼ਾ, ਸੋਮ ਤੇ ਮੰਗਲ ਨੂੰ ਵਿਛੋੜੇ ਦੇ ਦਰਦ, ਬੁੱਧ, ਵੀਰ ਨੂੰ ਮਿਲਣ ਲਈ ਅਰਜ਼ਈਆਂ, ਸ਼ੁਕਰ ਨੂੰ ਮਿਲਣ ਦੀ ਆਸ਼ਾ ਤੇ ਸ਼ਨੀ ਨੂੰ ਸੁਹਾਗਣੀ ਦੀ ਅਵਸਥਾ ਦਾ ਵਰਣਨ ਹੈ । 7 ਦੋਹਰੇ ਤੇ 7 ਛੰਦ ਹਨ । ਗਿਣਤੀ ਅੰਤ ਵਿਚ 7 ਹੀ ਦਿੱਤੀ ਹੈ । ਭਾਸ਼ਾ ਵਧੇਰੇ ਕਰਕੇ ਪੰਜਾਬੀ ਹੈ ਪਰ ਕੁਝ ਸ਼ਬਦ ਸਾਧ ਭਾਸ਼ਾ ਦੇ ਵੀ ਹਨ ਜਿਵੇਂ ਸਗਲ, ਤ੍ਰਿਪਤਾਸੇ ਆਦਿ ।

**ਛਪੈ :** ਇਹ ਰਚਨਾ ਛਪੈ ਛੰਦ ਵਿਚ ਹੋਣ ਕਰਕੇ ਇਸ ਦਾ ਸਿਰਲੇਖ ਛਪੈ ਹੈ, ਕੁਲ 25 ਛਪੈ ਹਨ । ਪੱਤ੍ਰਾ 862 ਤੋਂ 865 ਤੱਕ ਦਰਜ ਹਨ । ਪਹਿਲੇ ਛੰਦਾਂ ਵਿਚ ਗੁਰੂ ਮਹਿਮਾ ਫਿਰ ਪਰਮੇਸਰ ਦੇ ਚਾਰ ਨਾਮਾਂ, 'ਭਗਤ ਵਛਲ', 'ਗਰਬ ਪ੍ਰਹਾਰੀ', 'ਗਰੀਬ ਨਿਵਾਜ' ਤੇ 'ਪਤਿਤ ਉਧਾਰਨ' ਦਾ ਵਰਣਨ ਹੈ । ਨਾਮ ਸਿਮਰਨ ਤੋਂ ਬਿਨਾਂ ਮਨੁੱਖ ਨਿਸਫਲ ਹੈ । ਅੰਤ 'ਚ ਕਲਜੁਗ ਦੇ ਲੱਛਣ ਕਹੇ ਹਨ ।

**ਪ੍ਰੇਮ ਪੈਂਡਾ :** ਭਾਈ ਦਰਬਾਰੀ ਦਾ ਪੰਜਾਬੀ ਬੈਂਤਾਂ ਵਿਚ ਰਚਿਆ ਪਹਿਲਾ ਕਾਵਿ ਹੈ । ਇਸ ਦੇ ਕੁਲ 35 ਬੰਦ ਹਨ ਤੇ ਹਰ ਬੰਦ ਦੀਆਂ ਪੰਜ ਪੰਜ ਤੁਕਾਂ ਹਨ । ਕ੍ਰਿਸ਼ਨ ਦੇ ਵਿਛੋੜੇ ਵਿਚ ਤੜਫਦੀਆਂ ਗੋਪੀਆਂ ਦਾ ਊਧੋ ਨਾਲ ਸੰਬਾਦ ਹੈ । ਪ੍ਰਸ਼ਨੋਤਰੀ ਬੜੀ ਹੀ ਦਿਲਚਸਪ ਹੈ । ਕਵੀ ਨੇ ਗੋਪੀਆਂ ਦੀ ਦਸ਼ਾ ਨੂੰ ਬੜੇ ਸੁਚੱਜੇ ਢੰਗ ਨਾਲ ਉਘਾੜਿਆ ਹੈ । ਇਹ ਰਚਨਾ ਪਤ੍ਰਾ 865 ਤੋਂ 869 ਤਕ ਦਰਜ ਹੈ ।

**ਤੀਹਰਫੀਆਂ :** ਅਰਬੀ ਦੀ ਵਰਣਮਾਲਾਂ ਦੇ ਤੀਹ ਅੱਖਰ ਹਨ । ਇਨ੍ਹਾਂ ਅਰਬੀ ਅਖਰਾਂ ਦੇ ਆਧਾਰ ਤੇ ਲਿਖੀ ਗਈ ਕਾਵਿ ਰਚਨਾ ਨੂੰ ਮੁਸਲਮਾਨ ਕਵੀ 'ਸੀਹਰਫੀ' ਆਖਦੇ ਹਨ । 'ਸੀਹ' ਦਾ ਅਰਥ ਤੀਹ ਹੈ । ਇਸ ਕਰਕੇ ਭਾਈ ਦਰਬਾਰੀ ਨੇ ਮੁਸਲਮਾਨ ਕਵੀਆਂ ਦੀ ਤਰਜ਼ ਤੇ ਤੀਹਰਫੀਆਂ ਲਿਖੀਆਂ ਹਨ । ਇਹ ਗਿਣਤੀ ਵਿਚ ਤਿੰਨ ਹਨ । ਪਹਿਲੀ ਤੀਹਰਫੀ ਦਾ ਵਿਸ਼ਾ ਵਿਛੋੜਾ ਵੈਰਾਗ, ਸੱਚਾ ਖੁਦਾਈ ਇਸ਼ਕ ਤੇ ਗਿਆਨ ਅਵਸਥਾ ਹੈ ਇਸੇ ਲਈ ਇਸ ਤੀਹਰਫੀ ਦਾ ਸਿਰਲੇਖ ਹੈ 'ਬੈਂਤ ਬੈਰਾਗਿ' ਰੋਸ਼ਨੀ ਹਕਾਨੀ ਹਕੀਕਤ ਸਰਬੰਗ ਸਮੁਧੇ ਬਿਰਹੇ ਕੇ ਘਰ ਗਾਵਣੇ ਤੀਹਰਫੀ ਤਿਹਰੀ । ਇਹ ਪੱਤ੍ਰਾ 869/2 ਤੋਂ 878/1 ਤਕ ਦਰਜ ਹੈ । ਇਸ ਨੂੰ ਤਿਹਰੀ ਇਸ ਕਰਕੇ ਲਿਖਿਆ ਹੈ ਕਿ ਇਸ ਵਿਚ ਇਕ ਇਕ ਅੱਖਰ ਤਿੰਨ ਤਿੰਨ ਵਾਰ ਆਇਆ ਹੈ ਜਿਸ ਕਰਕੇ ਕੁਲ 90 ਬੰਦ ਬਣਦੇ ਹਨ । ਦੂਜੀ ਤੀਹਰਫੀ ਦਾ ਮਜ਼ਮੂਨ ਸਚੇ ਇਸ਼ਕ ਤੇ ਗਿਆਨ ਅਵਸਥਾ ਦਾ ਵਰਣਨ ਹੈ । ਇਸੇ ਲਈ ਇਸ ਦਾ ਸਿਰਲੇਖ ਹੈ ਬੈਂਤ ਹਕਾਨੀ ਹਕੀਕਤ ਤੀਹਰਫ਼ੀ । ਇਹ ਰਚਨਾ ਪੱਤ੍ਰਾ 818/1 ਤੋਂ 884 ਤੱਕ ਦਰਜ ਹੈ । ਤੀਜੀ ਸੀਹਰਫੀ ਦੇ ਛੰਦਾਂ ਦੇ ਵਿਸ਼ੇ ਅੱਡ ਅੱਡ ਹਨ । ਇਸੇ ਲਈ ਇਸ ਦਾ ਸਿਰਲੇਖ ਹੈ ਬੈਂਤ ਸਰਬੰਗ ਸਮੁੱਧੇ ਤੀਹਰਫ਼ੀ ਵੱਡੀ ।

### ਬੈਂਤ ਸਮੁਧੇ ਖੁਲੇ

ਇਹ ਭਾਈ ਦਰਬਾਰੀ ਦੀ ਪੰਜਾਬੀ ਬੈਂਤਾਂ ਦੀ ਪੰਜਵੀਂ ਰਚਨਾ ਹੈ । ਇਸ ਵਿਚ

ਖੁੱਲੇ ਭਾਵ ਅੱਡ ਅੱਡ ਵਿਸ਼ਿਆਂ ਦੇ ਬੈਂਤ ਹਨ । ਡਾ. ਗੁਰਚਰਨ ਸਿੰਘ ਸੇਕ ਤੇ ਉਨ੍ਹਾਂ ਦੇ ਮਗਰੋਂ ਡਾ. ਜਸਬੀਰ ਸਿੰਘ ਨੇ ਇਨ੍ਹਾਂ ਪੰਜਾਂ ਰਚਨਾਵਾਂ ਨੂੰ ਪੰਜ ਤੀਹਰਫੀਆਂ ਲਿਖਿਆ ਹੈ । ਤੀਹਰਫੀਆਂ ਅਸਲ ਵਿਚ ਤਿੰਨ ਹੀ ਹਨ; ਪਹਿਲੀ ਰਚਨਾ 'ਪ੍ਰੇਮ ਪੈਂਡਾ' ਤੇ ਪੰਜਵੀਂ ਰਚਨਾ ਬੈਂਤ ਸਮੁਧੇ ਖੁਲ੍ਹੇ ਤੀਹਰਫ਼ੀਆਂ ਨਹੀਂ ਹਨ, ਪੰਜਾਬੀ ਬੈਂਤਾਂ ਜ਼ਰੂਰ ਹਨ,[5]

**ਮਾਝਾਂ** : ਪੁਰਾਤਨ ਕਵੀਆਂ ਬਿਹਾਰੀ, ਸੇਵਾ ਦਾਸ, ਅੱਡਣ ਸ਼ਾਹ ਤੇ ਸੰਤਰੇਣ ਵਾਂਗ ਭਾਈ ਦਰਬਾਰੀ ਨੇ ਵੀ 895 ਪੱਤ੍ਰੇ ਤੋਂ 914 ਪੱਤ੍ਰੇ ਤੱਕ ਮਾਝਾਂ ਦੀ ਰਚਨਾ ਕੀਤੀ ਹੈ । ਕਈ ਲੇਖਕਾਂ ਨੇ ਮਾਝਾਂ ਨੂੰ ਪੰਜਾਬ ਦਾ ਖਾਸ ਕਾਵਿ ਰੂਪ ਕਹਿਆ ਹੈ । ਇਹ ਕਾਵਿ ਰੂਪ ਪਿੰਗਲ ਦੇ ਹਿਸਾਬ ਦਵੱਯਾ ਛੰਦ ਵਿਚ ਹੈ ।

ਹੋ ਸਕਦਾ ਹੈ ਕਿ ਇਨ੍ਹਾਂ ਦੇ ਗਾਉਣ ਦਾ ਢੰਗ ਮਾਝ ਰਾਗ ਨਾਲ ਸੰਬੰਧਤ ਹੋਵੇ ਤਾਹੀਓਂ ਇਨ੍ਹਾਂ ਨੂੰ ਮਾਝਾਂ ਕਿਹਾ ਜਾਂਦਾ ਹੈ । ਇਨਾਂ ਦੀ ਭਾਸ਼ਾ ਮਧ ਪੰਜਾਬ ਭਾਵ ਮਾਝੇ ਦੇ ਇਲਾਕੇ ਦੀ ਠੇਠ ਪੰਜਾਬੀ ਹੋਣ ਕਰਕੇ ਵੀ ਨਾਮ 'ਮਾਝਾਂ' ਪੈ ਗਿਆ ਜਾਪਦਾ ਹੈ । ਜਿੰਨੇ ਕਵੀਆਂ ਦੀਆਂ ਮਾਝਾਂ ਮਿਲਦੀਆਂ ਹਨ ਉਹ ਸਾਰੀਆਂ ਪੰਜਾਬੀ ਭਾਸ਼ਾ ਵਿਚ ਹੀ ਹਨ । ਇਹ ਚੀਜ਼ ਇਸ ਦੇ ਵਿਸ਼ੇਸ਼ ਪੰਜਾਬੀ ਕਾਵਿ ਰੂਪ ਹੋਣ ਦਾ ਦਮ ਭਰਦੀ ਹੈ ।

ਭਾਈ ਦਰਬਾਰੀ ਰਚਿਤ ਮਾਝਾਂ ਦੀ ਅੰਕ-ਗਿਣਤੀ ਅੰਤ ਵਿਚ 295 ਲਿਖੀ ਹੋਈ ਹੈ । ਪਰ ਖੋਜ ਕਰਨ ਤੋਂ ਪਤਾ ਲਗਾ ਹੈ ਕਿ 209 ਅੰਕ ਤੋਂ ਅੰਗਲਾ ਅੰਕ ਲਿਖਾਰੀ ਨੇ ਗਲਤੀ ਨਾਲ 210 ਦੀ ਬਜਾਇ 230 ਲਿਖ ਦਿਤਾ ਤੇ ਅਗੋਂ ਉਹ ਇਸੇ ਅੰਗ ਨੂੰ ਤੋਰੀ ਗਿਆ । ਇਹ 20 ਅੰਕਾਂ ਦੀ ਗਲਤੀ ਧੁਰ ਤੱਕ ਪੁਜ ਗਈ ਜਿਸ ਕਰਕੇ ਕੁਲ ਜੋੜ 295 ਹੋ ਗਿਆ ਜਦ ਕਿ ਅਸਲ ਜੋੜ 20 ਘਟ ਭਾਵ 275 ਮਾਝਾਂ ਹਨ । ਬਾਦ ਵਿਚ ਕਿਸੇ ਹੋਰ ਕਲਮ ਨਾਲ ਛੋਟੇ ਅਕਾਰ ਦੇ ਦੋ ਪੱਤ੍ਰਿਆਂ ਤੇ ਹੋਰ 18 ਮਾਝਾਂ ਲਿਖਕੇ ਪਹਿਲੀਆਂ ਲਿਖੀਆਂ ਮਾਝਾਂ ਦੇ ਵਿਚਕਾਰ ਦੋਨੋ ਪਤ੍ਰੇ ਜੋੜ ਦਿਤੇ ਹਨ । ਸੰਭਵ ਹੈ ਕਿ "ਹਰਿ ਜਸ" ਪੋਥੀ ਲਿਖਣ ਵਾਲਾ ਲੇਖਕ ਇਨ੍ਹਾਂ ਨੂੰ ਲਿਖਣ ਲਗਿਆਂ ਛਡ ਗਇਆ ਹੋਵੇ ਤੇ ਬਾਅਦ ਵਿਚ ਉਕਾਈ ਤੇ ਪਤਾ ਲਗਣ ਤੇ ਇਸ ਦੀ ਸੁਧਾਈ ਲਈ ਦੋ ਹੋਰ ਪੱਤ੍ਰੇ ਪਾ ਦਿਤੇ ਹੋਣ । ਅਸਾਂ ਇਨ੍ਹਾਂ 18 ਮਾਝਾਂ ਨੂੰ 275 ਨੰਬਰ ਤੋਂ ਅਗੋਂ ਦਰਜ ਕਰ ਦਿੱਤਾ ਹੈ । ਇਸ ਤਰ੍ਹਾਂ ਮਾਝਾਂ ਦਾ ਕੁਲ ਜੋੜ 293 ਹੋ ਗਿਆ ਹੈ ।

ਮਾਝਾਂ ਦਾ ਕਾਵਿ ਰੂਪ ਚੂੰਕਿ ਦਵੱਯਾ ਛੰਦ ਹੈ ਇਸ ਕਰਕੇ ਹਰ ਛੰਦ ਦੀਆਂ ਚਾਰ ਚਾਰ ਤੁਕਾਂ ਚਾਹੀਦੀਆਂ ਹਨ । ਵਧੇਰੇ ਅੰਕਾਂ ਵਿਚ ਤਾਂ ਤੁਕਾਂ ਚਾਰ ਚਾਰ ਹੀ ਹਨ ਪਰ ਅੰਕ ਨੰ: 33, 101, 124, 152, 184, 203, 213, 242, 244, 253, ਤੇ 255 ਦੀਆਂ ਪੰਜ ਪੰਜ ਤੁਕਾਂ ਹਨ ਜਦ ਕਿ ਅੰਕ ਨੰ: 57, 159, 262 ਤੇ 276 ਦੀਆਂ ਛੇ ਛੇ ਤੁਕਾਂ ਹਨ । ਅੰਕ 143 ਦੀਆਂ ਤਾਂ ਅੱਠ ਤੁਕਾਂ ਹਨ ।

ਮਾਝਾਂ ਦੇ ਵਿਸ਼ੇ ਭਿੰਨ ਭਿੰਨ ਹਨ । ਇਸ ਲਈ ਸਿਰਲੇਖ 'ਮਾਝਾਂ ਸਰਬੰਗ ਸਮੁਧੀਆਂ' ਲਿਖਿਆ ਹੈ । ਇਹ ਸਭ ਅਧਿਆਤਮਿਕ ਕਾਵਿ ਹੈ । ਕੁਝ ਕੁ ਖਾਸ ਵਿਸ਼ੇ ਇਹ ਹਨ :

---

5. ਦੇਖੋ ਗੁਰਚਰਨ ਸਿੰਘ ਸੇਕ, ਉਹੀ, ਪੰਨਾ 80, ਜਸਬੀਰ ਸਿੰਘ ਸਾਬਰ, 'ਭਗਤ ਰਵਿਦਾਸ ਸੂੱਤ ਪੁਸਤਕ', ਗੁ. ਨ. ਦੇ. ਯੂਨੀਵਰਸਿਟੀ ਅੰਮ੍ਰਿਤਸਰ, 1984, ਪੰਨਾ 84.

ਆਪਣੇ ਅਉਗਣ ਤੇ ਪ੍ਰਮੇਸ਼ਰ ਦੇ ਗੁਣ ਕਹਿ ਕੇ ਬਖਸ਼ਸ਼ ਲਈ ਨਿੰਮ੍ਰਤਾ ਸਹਿਤ ਬੇਨਤੀਆਂ; ਗੁਰਸਿੱਖ ਦੇ ਲੱਛਣ; ਕਲਜੁਗ ਦੇ ਲੱਛਣ; ਕਲਜੁਗ ਦੀ ਫਕੀਰੀ, ਅਸਲ ਫਕੀਰੀ; ਫੱਕਰ ਅਤੀਤ, ਸਨਿਆਸੀ, ਬੈਰਾਗੀ, ਜੋਗੀ, ਉਦਾਸੀ ਤੇ ਦੇਵਾਨਾ ਆਦਿ ਦੇ ਲੱਛਣ, ਮਨੁਖਾ ਜਨਮ ਦੀ ਅਸਫਲਤਾ ਤੇ ਸਫਲਤਾ; ਕਾਲ; ਨਿਬੇੜਾ ਅਮਲਾਂ ਤੇ; ਪ੍ਰੇਮੀ ਦੀ ਦਸ਼ਾ; ਪ੍ਰੇਮ ਅਮੋਲਕ ਦਾਤ ਹੈ, ਮਨ ਆਕੀ ਨੂੰ ਫਤਹ ਕਰਨ ਦੀ ਲੋੜ; ਸਰੀਰਾਂ ਦੇ ਭਾਂਡੇ ਹਰੀ ਨੇ ਘੜੇ ਹਨ; ਪ੍ਰਭੂ ਪ੍ਰੀਤੀ ਦੇ ਸਾਧਨ ਮਜ਼ਹਬਾਂ ਵਾਲੇ ਹਿੰਦੂ ਤੁਰਕ ਭੁੱਲੇ ਹੋਏ ਹਨ; ਗੁਰੂ ਬਿਨਾਂ ਸਭ ਨਿਖੱਸਮੀ ਹੈ; ਜੀਵ ਹਿੰਸਾ ਉਚਿਤ ਨਹੀਂ; ਰਹਿਣੀ ਬਿਨਾਂ ਕਹਿਣੀ ਕੱਚੀ ਹੈ; ਗੁਰੂ-ਮੱਲਾਹ ਬਿਨਾਂ ਜੀਵ ਡੁਬਦਾ ਹੈ; ਦਵਾਈ ਖਾਧਿਆਂ ਹੀ ਰੋਗ ਜਾਂਦਾ ਹੈ; ਬੇ-ਪ੍ਰਵਾਹ ਸਾਹਿਬ, ਦਿਲਬਰ ਦਾ ਚਿੱਠਾ; ਸੰਗਤ ਰਾਹੀਂ ਜਮ-ਭੈ ਦੂਰ ਹੁੰਦਾ ਹੈ; ਪੰਜ ਇੰਦ੍ਰੀਆਂ ਰੂਪ ਮੱਛਾਂ ਤੇ ਮਨ ਮਾਹੀ; ਜੀਵ ਹੱਥ ਕੁਝ ਨਹੀਂ; ਬੁਢੇਪਾ ਤੇ ਬੁਢੇਪੇ ਵਿਚ ਜੁਆਨੀ ਦੀ ਯਾਦ; ਕਲਜੁਗ ਦਾ ਵਰਤਾਰਾ; ਕਲਜੁਗ ਦੀ ਰੀਤੀ; ਕਲਜੁਗ ਦੀ ਵਡਿਆਈ; ਬੇ-ਪ੍ਰਵਾਹ ਸਾਧੂ; ਸਾਧ ਸੰਗ; ਜਗਤ ਦੀ ਅਸਥਿਰਤਾ ਤੇ ਮੌਤ ਆਦਿ।

ਉਪਰੋਕਤ ਵਿਸ਼ਿਆਂ ਤੋਂ ਇਲਾਵਾ ਹੋਰ ਵੀ ਕਈ ਵਿਸ਼ਿਆਂ ਤੇ ਕਲਮ ਦੀ ਜ਼ੋਰ-ਅਜ਼ਮਾਈ ਕੀਤੀ ਹੈ। ਬਿਆਨ ਬੜਾ ਸਾਫ਼ ਤੇ ਸਪਸ਼ਟ ਹੈ। ਵਧੇਰੇ ਵਰਣਨ ਵਾਹਿਗੁਰੂ, ਗੁਰੂ, ਸਾਧ, ਸਾਧ-ਸੰਗ ਤੇ ਨਾਮ ਸਿਮਰਨ ਦੀ ਮਹਿਮਾ ਦਾ ਹੈ। ਸਮਾਜ ਦੇ ਸਾਰੇ ਪੱਖਾਂ ਤੇ ਭਰਪੂਰ ਰੋਸ਼ਨੀ ਪਾਈ ਹੈ। ਪਰ 205 ਅੰਕ ਤੋਂ 216 ਤੱਕ ਕ੍ਰਿਸ਼ਨ ਰਾਧਾ ਤੇ ਚੰਦ੍ਰਾਵਲਿ ਦਾ ਵਰਣਨ ਅਵਤਾਰਵਾਦ ਦੀ ਰੁਚੀ ਵਲ ਸੰਕੇਤ ਕਰਦਾ ਹੈ। ਬਾਕੀ ਦੀ ਰਚਨਾ ਗੁਰਬਾਣੀ ਤੇ ਗੁਰਮਤਿ ਸਿੱਧਾਂਤਾਂ ਤੋਂ ਪ੍ਰਭਾਵਤ ਹੈ।

**ਸਲੋਕ :** ਮਾਝਾਂ ਤੋਂ ਉਪਰੰਤ 103 ਸਲੋਕ ਦੇ ਅੰਤ ਵਿਚ ਇਕ ਛਪਯ ਦਰਜ ਹੈ। ਇਹ ਸਲੋਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਕਬੀਰ ਫਰੀਦ ਦੇ ਸਲੋਕਾਂ ਜਾਂ ਮਹਲਾ 9 ਦੇ ਸਲੋਕਾਂ ਵਾਂਗ ਅੰਤ ਵਿਚ ਦਰਜ ਹਨ। ਇਨ੍ਹਾਂ ਵਿਚੋਂ ਪਹਿਲੇ ਸਲੋਕਾਂ ਵਿਚ ਅਧਿਆਤਮ ਗਿਆਨ ਤੇ ਮਨੁੱਖ ਨੂੰ ਸੁਭ ਉਪਦੇਸ਼ ਹਨ । ਪਿਛਲੇ ਸਲੋਕਾਂ ਵਿਚ ਇਕ ਇਕ ਸਲੋਕ ਪਰਚੀਆਂ ਭਗਤਾਂ ਕੀਆਂ ਵਿਚ ਆਏ ਭਗਤਾਂ ਸੰਬੰਧੀ ਤੇ 74 ਸਲੋਕਾਂ ਤੋਂ ਪਿਛੋਂ 14 ਅਵਤਾਰਾਂ ਸੰਬੰਧੀ ਹਨ। ਇਹ ਸਲੋਕ 914 ਪੱਤ੍ਰੇ ਤੋਂ 918 ਪੱਤ੍ਰੇ ਤਕ ਹਨ ਅੰਤਲੇ ਪੱਤ੍ਰੇ ਤੇ ਅਧੂਰੀ ਰਾਗ ਮਾਲਾ ਹੈ।

# ਮਾਝਾਂ ਭਾਈ ਦਰਬਾਰੀ
## ਮੂਲ ਪਾਠ

## ੴ ਸਤਿਗੁਰ ਬਾਬਾ ਨਾਨਕੁ ਅਭੈ ਰਾਮ ਪ੍ਰਸਾਦਿ ॥

**ਮਾਝਾਂ ਸਰਬੰਗ ਸਮੁਧੀਆਂ**

ਵਾਹਿਗੁਰੂ ਪਰਮੇਸੁਰੁ ਮਾਧੋ, ਮਧੁਸੂਦਨੁ ਬਨਿਵਾਰੀ ॥
ਅਪਨੈ ਜਨ ਕਾ ਢਕ ਲੈ ਪੜਦਾ, ਜਿਉ ਧ੍ਰੋਪਤਿ ਪੈਜ ਸਵਾਰੀ ॥
ਪ੍ਰਿਹਿਲਾਦੁ ਬਚਾਇਆ ਜਿਉ ਕਰਿ ਦੇ ਕੈ, ਅਜਮਲੁ ਗਨਕਾ ਤਾਰੀ ॥
ਨਾਨਕ ਪੰਥੀ ਕੀ ਇਕੁ ਵਿਚਾਰਾ, ਸਰਨਿ ਪਇਆ ਦਰਬਾਰੀ ॥ ੧ ॥
ਵਾਹਿਗੂਰੂ ਕਾ ਸਿਖੁ ਅਖਾਏ, ਸੋ ਮੰਨੈ ਗੁਰ ਕਾ ਭਾਣਾ ॥
ਸਾਬਤੁ ਸਿਦਕੁ[1] ਅਕੀਦਾ[2] ਰਖੈ, ਦੁਖਿ ਸੁਖਿ ਨਾਹਿ ਡੁਲਾਣਾ ।
ਆਪਾ ਛਡਿ ਰਹੈ ਗੁਰ ਪਰਣੈ,[3] ਹੁੰਦੈ ਤਾਣਿ ਨਿਤਾਣਾ ।
ਐਸੇ ਗੁਰ ਕੈ ਸਿਖਾ ਵਿਟਹੁ, ਦਰਬਾਰੀ ਸਦ ਕੁਰਬਾਣਾ ॥ ੨ ॥
ਸਿਖੁ ਸੋਈ ਜੋ ਸਿਖੇ ਹਰਿ ਜਸੁ, ਮੰਦਾ ਮੁਖਹੁ ਨ ਭਾਖੇ ।
ਸਭਿ ਘਟਿ ਭੀਤਰ ਬ੍ਰਹਮੁ ਪਛਾਣੈ, ਦੁਐਤਿ ਨ ਹਿਰਦੇ ਰਾਖੇ ।
ਜਾ ਬੋਲੈ ਮੁਖਿ ਹਰਿ ਹਰਿ ਬੋਲੈ, ਅੰਮ੍ਰਿਤ ਬਾਣੀ ਚਾਖੇ ।
ਨਾਨਕ ਪੰਥੀ ਜਨੁ ਦਰਬਾਰੀ, ਗੁਰ ਕੀ ਆਖੀ ਆਖੇ ॥ ੩ ॥
ਸਿਖੁ ਸਦਾਏ ਮੰਨਿ ਰਜਾਈ, ਗੁਰ ਥੋ ਮਾਰਗੁ ਬੂਝੈ ॥
ਭਾਂਵੈ ਕੇਹਾ ਚਤੁਰੁ ਸਿਆਣਾ, ਗੁਰ ਬਿਨੁ ਰਾਹੁ ਨ ਸੂਝੈ ।
ਜੋ ਗੁਰ ਕਹੀ ਸਹੀ ਕਰਿ ਮੰਨੈ, ਮਨ ਅਪਨੇ ਸੋਂ ਲੂਝੈ[4] ।
ਨਾਨਕ ਪੰਥੀ ਭਣੈ ਦਰਬਾਰੀ, ਸੋ ਸਿਖੁ ਦਰਗਹ ਸੋਝੈ[5] ॥ ੪ ॥
ਗੁਰ ਕੀ ਕਹੀ ਕਮਾਈ ਬਾਝਹੁ, ਸਿਖੀ ਪਾਇ ਨ ਪਲੈ ।
ਨਾਮੁ ਦਾਨੁ ਇਸਨਾਨੁ ਕਮਾਵਹਿ, ਇਹੁ ਧਨੁ ਸੰਗੀ ਚੱਲੈ ।
ਇਕੁ ਅਕੀਦਾ ਰਖੇ ਗੁਰ ਪੈ, ਨਿਹਚਾ ਨਾਹਨ ਹੱਲੈ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਸਿਖ ਦਰਗਹ ਮੱਲੈ ॥ ੫ ॥
ਸਤਿਗੁਰ ਕਾ ਜੋ ਸਿਖੁ ਅਖਾਏ, ਸੋ ਸਤੁ ਸੰਤੋਖ ਹੰਢਾਵੈ ॥
ਖਿਮਾਂ ਗਰੀਬੀ ਦਇਆ ਰਖੇ ਉਰ, ਗੁਰ ਕੀ ਬਾਣੀ ਗਾਵੈ ॥
ਨਿਉਣੁ ਖਉਣੁ[6] ਦੁਇ ਸੰਗੀ ਸਾਥੀ, ਇਹਿ ਬਿਧਿ ਗੁਰੂ ਬਤਾਵੈ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਸਿਖ ਰਹੈ ਨਿਰਦਾਵੈ[7] ॥ ੬ ॥

---

1. ਸ਼ਰਧਾ । 2. ਭਰੋਸਾ । 3. ਆਸਰੇ । 4. ਜੁੱਧ ਕਰੇ । 4. ਕਾਮਯਾਬੀ ਹਾਸਲ ਕਰ ਲੈਂਦਾ ਹੈ । 6. ਸਹਾਰਨ ਸ਼ਕਤੀ । 7. ਦਾਅਵੇ ਤੋਂ ਬਿਨਾਂ ।

ਸਿਖੁ ਸੋਈ ਸਿਵ[1] ਜਿਸ ਦੇ ਪਲੈ, ਵਿਚਹੁ ਸਕਤਿ[2] ਗਵਾਵੈ ।
ਦੂਜੇ ਸੇਤੀ ਚਿਤੁ ਨ ਦੇਵੈ, ਇਕਤੇ ਵਲਿ ਮਨੁ ਲਾਵੈ ।
ਮਾਇਆ ਸੰਚਿ[3] ਨ ਕਰੇ ਅਜਾਈ,[4] ਜੋ ਆਇਆ ਵੰਡਿ ਖਾਵੈ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਸਿਖੁ ਜਮਹੁ ਛਡਾਵੈ ॥ ੭ ॥
ਸਿਖੀ ਖਰੀ ਸੁਖਾਲੀ ਨਾਹੀ, ਜੋ ਭੇਖੀ ਕੀਤੀ[5] ਪਾਈਐ ॥
ਗੁਰ ਕੀ ਕਹੀ ਕਮਾਈ ਬਾਝਹੁ, ਕਾਹੇ ਸਿਖਿ ਸਦਾਈਐ ।
ਤਨੁ ਮਨੁ ਧਨੁ ਗੁਰ ਆਗੈ ਧਰੀਐ, ਆਪ ਨ ਕਛੁ ਜਣਾਈਐ ।
ਨਾਨਕ ਪੰਥੀ ਭਣੇ ਦਰਬਾਰੀ, ਗੁਰ ਬਿਨੁ ਗਿਆਨੁ ਨ ਪਾਈਐ ॥ ੮ ॥
ਮਾਰਗੁ ਹੂੰਝਿ ਸੁਆਛੁ ਕਰਾਵੈ, ਕੰਡੇ ਨਾਂਹਿ ਖਿੰਡਾਵੈ ।
ਸੋ ਮਾਰਗਿ ਹੱਛਾ ਕਰਿ ਰਾਖੈ, ਜਿਤੁ ਮਾਰਗ ਪੈ ਧਾਵੈ ।
ਤਨੁ ਧਨੁ ਮਨੁ ਅਰਪੇ ਗੁਰ ਆਗੇ, ਆਪੁ ਨ ਕਛੂ ਜਣਾਵੈ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਗੁਰ ਸਿਖ ਸਦਾਵੈ ॥ ੯ ॥
ਹਾਂਉ ਸਦਕੇ ਜਾਂਉ ਤਿਨਾ ਦੇ ਵਿਟਹੁ, ਜੋ ਹੋਨ ਗੁਰਾਂ ਦੇ ਗੋਲੇ[6] ।
ਬੈ ਖਰੀਦੇ ਬਰਦੇ[7] ਵਾਂਙੂ, ਹੋਇ ਰਹਸਨਿ ਆਲੇ ਭੋਲੇ[8] ।
ਆਪ ਗਵਾਇ ਰਹਿਨਿ ਗੁਰ ਪਰਣੈ[9] ਸੁਖਿ ਦੁਖਿ ਕਦੇ ਨ ਡੋਲੇ ।
ਸੋਈ ਸਿਖੁ ਗੁਰੂ ਭੀ ਸੋਈ, ਸਚ ਦਰਬਾਰੀ ਬੋਲੇ ॥ ੧੦ ॥
ਸਿਖੀ ਦਾ ਪਦੁ ਦੂਰ ਵਾਟਿ ਹੈ, ਪਹੁਚਿ ਨ ਸਕੈ ਕੋਈ ॥
ਲਛਮਣ, ਭਰਥੁ ਤੀਜਾ ਗੁਰੁ ਅੰਗਦੁ, ਇਕ ਮੁਰੀਦੁ ਮਰੰਦ[10] ਹੋਈ ॥
ਮਾਧੋ ਪਟੇਲੁ ਭੈਆ[11] ਇਕੁ ਸੇਵਕੁ, ਦੀਦਾ[12] ਫਰੀਦ ਦਿਤੋਈ ॥
ਨਾਨਕ ਪੰਥੀ ਭਣੇ ਦਰਬਾਰੀ, ਗੁਰ ਆਗੇ ਅਰਜੋਈ ॥ ੧੧ ॥
ਸਿਖੁ ਸੋਈ ਜੋ ਸਚੁ ਵਿਹਾਝੇ,[13] ਝੂਠੁ ਨ ਮੁਖਹੁ ਉਚਾਰੇ ॥
ਨਿੰਦਿਆ ਚੁਗਲੀ ਕਬ ਹੂ ਨ ਭਾਖੇ,[14] ਗੁਰਬਾਣੀ ਪਢੈ ਬੀਚਾਰੇ ।
ਸਤੁ ਸੰਤੋਖੁ ਦਇਆ ਸੁਚ ਸੰਜਮੁ, ਏਹਿ ਸੰਗ ਰਾਖੇ ਚਾਰੇ ।
ਨਾਨਕ ਪੰਥੀ ਭਣੇ ਦਰਬਾਰੀ, ਤਿਸੁ ਸੇਵਕ ਥੋਂ ਬਲਿਹਾਰੇ ॥ ੧੨ ॥
ਸਿਖੁ ਸੋਈ ਜੋ ਸਚ ਕਮਾਵੈ, ਝੂਠ ਸੁਭਾਇ ਨ ਬੋਲੈ ।
ਪਾਣੀ ਰਿੜਕੈ ਘਿਉ ਨ ਆਵੈ, ਦੁਧ ਹੂੰ ਘ੍ਰਿਤੁ ਵਿਰੋਲੈ ।
ਕਹੀ ਗੁਰੂ ਕੀ ਰਿਦੇ ਵਸਾਵਨਿ, ਜੀਤਨਿ ਜਨਮ ਅਮੋਲੈ ।
ਨਾਨਕ ਪੰਥੀ ਭਣੇ ਦਰਬਾਰੀ, ਤਿਨ ਕੇ ਹੈ ਹਮ ਗੋਲੈ ॥ ੧੩ ॥
ਕਲਜੁਗ ਸਿਖੁ ਨ ਦਿਸੈ ਕੋਈ, ਸਭ ਕੋ ਗੁਰੂ ਕਹਾਵੈ ।
ਹਮੇ ਖਾਲਸਾ ਤੁਮੇ ਖਾਲਸਾ, ਪਾਣੀ ਕਉਣੁ ਪਿਲਾਵੈ ।

---

1. ਸ਼ਾਂਤੀ । 2. ਤ੍ਰਿਸ਼ਨਾ । 3. ਇਕੱਤਰ । 4. ਵਿਅਰਥ । 4. ਭੇਖ ਦੇ ਕੀਤਿਆਂ । 6. ਸੇਵਕ । 7. ਗੁਲਾਮ । 8. ਬਹੁਤੇ ਭੋਲੇ । 9. ਆਸਰੇ । 10. ਸੰਸਾਰ ਵਲੋਂ ਮੁਰਦਾ ਹੋ ਰਹਿਣ ਵਾਲਾ ਸਿਖ ਜਿਸ ਨੂੰ ਭਾਈ ਗੁਰਦਾਸ ਜੀ ਨੇ 'ਮੁਰਦਾ ਹੋਇ ਮੁਰੀਦ' ਕਹਿਆ ਹੈ। 11. ਲੁਭਾਇਆ ਗੋਤ ਦਾ ਮਾਧੋ ਪਟੇਲ ਰਾਮ । 12. ਅੱਖ । 13. ਵਪਾਰ ਕਰੇ । 14. ਬੋਲੇ ।

ਲਹੁੜਿ[1] ਵਡਿਆਈ ਰਹੀ ਨ ਭੋਰਾ, ਕੋ ਕਿਸੈ ਨ ਸੀਸੁ ਨਿਵਾਵੈ ।
ਦਰਬਾਰੀ ਪੈਰੀ ਪਾਣੇ ਥੋਂ ਸਰਮਾਵਿਨ, ਕਉਣ ਨਉਧਾ ਭਗਤਿ ਕਮਾਵੈ ॥ ੧੪ ॥
ਕਲਜੁਗ ਪੀਰ ਮੁਰੀਦੀ ਕੇਹੀ ਚਲਨਿ ਆਪ ਮੁਹਾਣੇ[2] ।
ਮੁਰੀਦੁ ਨ ਰਾਹੁ ਪੀਰਾ ਥੋਂ ਪੁਛਨਿ, ਪੀਰ ਸਬੀਲ[3] ਨ ਜਾਣੇ ।
ਅੰਧੇ ਪਿਛੇ ਅੰਧਾ ਲੱਗਾ, ਪਾਂਦੇ ਘੁਰਿ ਧਿੰਙਾਂਣੇ[4] ।
ਦਰਬਾਰੀ ਡੂਬੇ ਮੋਹ ਮਾਇਆ ਮਹਿ, ਗੁੜ ਮਖੀ ਜਿਉ ਉਲਝਾਣੇ ॥ ੧੫ ॥
ਪੀਰ ਪੀਰਾਈ[5] ਤੇ ਸੇਵਕ ਬਾਹਮਣ, ਕਲਜੁਗਿ ਗੱਲ ਉਪੱਠੀ ।
ਬੀਬੜੀਆਂ[6] ਤੇ ਮੀਆਂ[7] ਮੰਨਣ, ਗੁਰਾਂ ਪੀਰਾਂ ਥੋਂ ਤ੍ਰੁੱਠੀ[8] ।
ਗੰਗਾ ਤਿਆਗਨਿ ਜਾਣਿ ਨਿਗਾਹੇ[9], ਏਹਿ ਭਿ ਅਖੀਂ ਡਿੱਠੀ ।
ਨਾਨਕ ਪੰਥੀ ਭਣੇ ਦਰਬਾਰੀ, ਕਲਜੁਗ ਸਭਾ ਮੁੱਠੀ[10] ॥ ੧੬ ॥
ਟੋਪੀ ਪਹਿਰਿ ਲੰਗੋਟੀ ਲੀਤੀ, ਏਹੁ ਫਕੀਰੀ ਸਾਜੀ ॥
ਲੋਕ ਜੁ ਪੈਰੀ ਪਾਣਾ ਕਹਿੰਦੇ, ਸੁਣਿ ਸੁਣਿ ਥੀਂਦੇ ਰਾਜੀ ॥
ਪਾਣੀ ਢੋਵਨਿ ਧੂਆਂ ਪਾਵਨਿ, ਭਏ ਲੋਕਾਣੇ[11] ਪਾਜੀ[12] ॥
ਕਹੁ ਦਰਬਾਰੀ ਕਹਾਂ ਫਕੀਰੀ, ਜਾਂ ਦਿਤੇ ਦੰਮ[13] ਬਿਆਜੀ ॥ ੧੭ ॥
ਧਾਗੇ ਪਾਇ ਧਰੀ ਸਿਰਿ ਟੋਪੀ, ਕਟਿ[14] ਭਗਵੀ ਧੋਤੀ ਬੱਧੀ ॥
ਇਕੁ ਪਿੰਡੁ ਮੰਗਿ ਦੂਜਾ ਪਿੰਡੁ ਮੰਗੇ, ਕਹੇ ਫਕੀਰੀ ਲੱਧੀ[15] ।
ਆਟਾ ਵੇਚਿ ਪੰਜੀਹੇ[16] ਵੱਟੇ, ਖਾਇ ਭੁਗਤਿ ਲੈ ਦੱਧੀ[17] ।
ਕਹੁ ਦਰਬਾਰੀ ਕਹਾਂ ਫਕੀਰੀ, ਜਾ ਬਿਆਜੁ ਚਲਾਇਆ ਅੱਧੀ[18] ॥ ੧੮ ॥
ਸੇਲੀ[19] ਟੋਪੀ ਪਹਿਰਿ ਖਲੋਤਾ, ਨਾਉ ਫਕੀਰ ਧਰਾਇਆ ।
ਆਇ ਗਏ ਦੀ ਸਾਰ ਨ ਲੇਵੈ, ਬੈਠਿ ਅਕੇਲੇ ਖਾਇਆ ।
ਦੇਵਣਹਾਰੁ ਵਿਸਾਰ ਦਯੋ ਹੈ, ਮਾਇਆ ਸੋਂ ਚਿਤ ਲਾਇਆ ।
ਕਹੁ ਦਰਬਾਰੀ ਕਹਾਂ ਫਕੀਰੀ, ਜਾ ਦਮੜੀ ਬਿਆਜ ਚਲਾਇਆ ॥ ੧੯ ॥
ਹਿਰਸਿ[20] ਭੋਰਾ ਮਨਹੁ ਨ ਵਿਸਾਰੀ, ਵੇਸ ਫਕੀਰੀ ਦਾ ਕੀਤਾ ।
ਤਕੀਏ-ਦਾਰੀ[21] ਪੱਲੈ ਬੱਧੀ, ਇਕਿ ਵੈਰੀ ਇਕਿ ਮੀਤਾ ।

---

1. ਛੋਟੇ (ਤੇ ਵੱਡੇ) ਦੀ । 2. ਆਪ ਹੁਦਰੇ ਢੰਗ ਨਾਲ । 3. ਰਾਹ, ਤ੍ਰੀਕਾ, ਢੰਗ । 4. ਧੱਕੇਬਾਜ਼ੀ ਨਾਲ । 5. ਸੁਲਤਾਨ (ਸਖੀ ਸਰਵਰ) ਦੇ ਪੀਰ ਖਾਨੇ ਦਾ ਪੁਜਾਰੀ, ਭਾਈ । 6. ਸੀਤਲਾ ਦੇਵੀ ਦੀ ਸਹਾਇਕਾ ਯੋਗਣੀ, ਜਿਸ ਦਾ ਪੂਜਨ ਹਿੰਦੂ ਇਸਤ੍ਰੀਆਂ ਬਚਿਆਂ ਦੀ ਰਖਿਆ, ਵਾਸਤੇ ਕਰਦੀਆਂ ਹਨ । 7. ਮਲੇਰ ਕੋਟਲੇ ਦਾ ਇਕ ਪੀਰ, ਮੀਰਾਂ । 8. ਨੱਠਦੇ ਹਨ । 9. ਨਗਾਹੇ ਪਿੰਡ ਜ਼ਿਲਾ ਡੇਰਾ ਗਾਜ਼ੀ ਖਾਂ (ਪਾਕਿਸਤਾਨ) ਵਿਚ ਜਿੱਥੇ ਸੁਲਤਾਨ ਸਖੀ ਸਰਵਰ ਦੀ ਕਬਰ ਬਣੀ ਹੋਈ ਹੈ । 10. ਲੁਟੀ । 11. ਦੁਨਿਆਵੀ, ਲੁਕੇ ਹੋਏ । 12. ਨੀਚ, ਕਾਇਰ । 13. ਦਮੜੇ, ਰੁਪਏ । 14. ਲੱਕ ਨਾਲ । 15. ਲੱਭੀ । 16. ਪੰਝੀ (25) । 17. ਦਹੀ ਲੈ ਕੇ ਭੋਜਨ ਖਾਂਦਾ ਹੈ । 18. ਅਧੀ ਦਮੜੀ ਇਕ ਰੁਪਏ ਦਾ ਇਕ ਮਹੀਨੇ ਦਾ ਵਿਆਜ । 19. ਕਾਲੀ ਉੱਨ ਜਾਂ ਰੇਸ਼ਮ ਦੀ ਗੁੰਦਵੀ: ਰੱਸੀ, ਜਿਸ ਨੂੰ ਫਕੀਰ ਸਿਰ ਉਪਰ ਸਾਫੇ ਜਾਂ ਟੋਪੀ ਤੇ ਬੰਨ੍ਹਦੇ ਹਨ ਜਾਂ ਜਨੇਊ ਦੀ ਤਰ੍ਹਾਂ ਗਲ ਵਿਚ ਪਹਿਨਦੇ ਹਨ । 20. ਤ੍ਰਿਸ਼ਨਾ । 21. ਡੇਰੇਦਾਰੀ ।

77029
16.10.91

ਬਾਹਰਿ ਬੋਲੈ ਨਾਲਿ ਲਿਬਾਸੀ,[1] ਕਾਮ ਕ੍ਰੋਧ ਦਾ ਪੀਤਾ ॥
ਕਹੁ ਦਰਬਾਰੀ ਕਹਾਂ ਫਕੀਰੀ, ਜਾਂ ਬਿਆਜੁ ਛਕਾ[2] ਲੈ ਲੀਤਾ ॥ ੨੦ ॥
ਕੇਸੀਂ ਕੰਘਾ ਤੇ ਅਖੀਂ ਸੁਰਮਾ, ਗਲੀਆ ਵਿਚਿ ਅਲਬੇਲਾ[3] ।
ਹਥਿ ਛਟੀ ਤੇ ਉਂਗਲ ਛਲੇ, ਮੰਗੇ ਆਟਾ ਭੇਲਾ[4] ।
ਪੈਸਾ ਤਿਸ ਨੂੰ ਕਦੇ ਨ ਦੇਂਵੇ, ਜਿਸ ਦਾ ਬਣਿਆ ਚੇਲਾ ।
ਕਹੁ ਦਰਬਾਰੀ ਗਈ ਫਕੀਰੀ, ਜਾਂ ਬਿਆਜ ਚਲਾਇਆ ਧੇਲਾ ॥ ੨੧ ॥
ਟੋਪੀ ਪਹਿਰਿ ਲੰਗੋਟੀ ਲੀਤੀ, ਏਹ ਫਕੀਰੀ ਈਹਾਂ[5] ।
ਲੋਕ ਜੁ ਪੈਰੀ ਪਾਣਾ ਕਹਿੰਦੇ, ਸੁਣਿ ਸੁਣਿ ਪਿਛਲਾ ਲੀਹਾ[6] ।
ਕੁਛੁ ਕਾਣ[7] ਕੁਝ ਮਾਣਿ[8] ਭਿ ਰਖਨਿ, ਦੇਣੇ ਵੀਹਾ ਤੀਹਾ ।
ਕਹੁ ਦਰਬਾਰੀ ਕਹਾਂ ਫਕੀਰੀ, ਜਾਂ ਲੀਤਾ ਬਿਆਜ ਪੰਜੀਹਾਂ ॥ ੨੨ ॥
ਫਕਰੁ ਸਦਾਵੈ ਨ ਫਿਕਰੁ ਗਵਾਵੈ, ਤਾ ਕਾਹੇ ਨੂੰ ਫਕਰੁ ਕਹਾਵੈ ॥
ਇਕੁ ਘਰੁ ਤਿਆਗਿ ਨਿਕਸੈ ਜਬ ਬਾਹਰਿ, ਕਿਉਂ ਘਰਿ ਘਰਿ ਮੰਗਣਿ ਜਾਵੈ ।
ਮਾਤ ਤਾਤ[9] ਸੁਤ[10] ਭ੍ਰਾਤ ਤਜੇ ਜਬ, ਕਿਉ ਅਉਰੀ ਹੇਤੁ[11] ਲਗਾਵੈ ।
ਨਾਨਕ ਪੰਥੀ ਭਣੇ ਦਰਬਾਰੀ, ਵਿਣੁ ਮੁਇਆ ਨ ਸੁਰਗ ਸਿਧਾਵੈ ॥ ੨੩ ॥
ਸੀਲੁ[12] ਲੰਗੋਟੀ ਸਿਰਿ ਸਿਵ[13] ਦੀ ਟੋਪੀ ਸਤੁ ਸੇਲ੍ਹੀ ਗਲ ਪਾਵੈ ।
ਧਰਮ ਕਾ ਚੋਲਾ ਖੋਫ ਕੀ ਖਫਨੀ, ਖਿੰਥਾ[14] ਖਿਮਾ ਹੰਢਾਵੈ ।
ਤਿਲਕੁ ਤਿਆਗੁ ਸੰਤੋਖ ਕੀ ਮੁੰਦਾ, ਸਰਮੁ ਬਿਭੂਤਿ ਚਢਾਵੈ ।
ਨਾਨਕ ਪੰਥੀ ਭਣੇ ਦਰਬਾਰੀ. ਅਤੀਤ[15] ਪਦਵੀ ਸੋ ਪਾਵੈ ॥ ੨੪ ॥
ਚਿੰਤਾ ਚਾਹ ਤਜੈ ਤਨ ਮਨ ਤੇ, ਇਕ ਦਰਸਨੁ ਪ੍ਰਭ ਕਾ ਚਾਹੇ ।
ਕਪਟੁ ਪਖੰਡੁ ਕਹੇ ਜਿਨ ਭੋਰਾ,[16] ਝੂਠੁ ਸੁਭਾਇ ਨ ਭਾਹੇ[17] ।
ਜੈਸੀ ਪ੍ਰੀਤਿ ਪੇਡ ਤੇ[18] ਲਾਗੈ, ਤੈਸੀ ਤੋੜ ਨਿਬਾਹੇ ।
ਨਾਨਕ ਪੰਥੀ ਭਣੇ ਦਰਬਾਰੀ, ਵਾਹਿ ਫਕੀਰੀ ਵਾਹੇ[19] ॥ ੨੫ ॥
ਅਪਨੇ ਮਨ ਕੀ ਮਤਿ ਤਿਆਗੇ, ਗੁਰ ਕੀ ਆਗਿਆ ਮੰਨੇ ।
ਹਿਰਸਿ[20] ਤਿਆਗੇ ਫੜੇ ਸਬੂਰੀ,[21] ਨਿੰਦਾ ਸੁਣੇ ਨ ਕੰਨੇ ।
ਗੁਰ ਕਾ ਸਬਦੁ ਗਹੇ[22] ਕਰ ਤਕੜਾ, ਦੁਰਮਤਿ ਦੁਬਿਧਾ ਭੰਨੇ ।
ਨਾਨਕ ਪੰਥੀ ਭਣੇ ਦਰਬਾਰੀ, ਧੰਨੁ ਫਕੀਰੀ ਧੰਨੇ[23] ॥ ੨੬ ॥
ਆਏ ਹਰਖੁ ਨ ਸੋਗੁ ਗਏ ਦਾ, ਗ੍ਰਿਹ ਬਨੁ ਸਮਸਰ[24] ਕੀਤਾ ।

---

1. ਜਾਅਲੀ, ਬਨਾਵਟੀ । 2. ਰੁਪਏ ਪਿੱਛੇ ਛੇ ਪੈਸੇ ਮਾਹਵਾਰ । 3. ਬੇਫਿਕਰ, ਮਸਤ । 4. ਲੱਸੀ ਜਾਂ ਗੁੜ ਦਾ ਡਲਾ । *ਇਥੇ ਸ਼ਬਦ 'ਫਕੀਰੀ' ਚਾਹੀਦਾ ਸੀ, ਮੂਲ ਪਾਠ ਵਿਚ 'ਫਕੀਰਾ' ਹੈ । 5. ਇੱਥੇ ਭਾਵ ਇਸ ਸਮੇਂ । 6. ਰੀਤੀ । 7. ਇਹਸਾਨ । 8. ਮਾਨ, ਇਜ਼ਤ । 9. ਪਿਤਾ । 10. ਪੁੱਤਰ । 11. ਮੋਹ, ਪਿਆਰ । 12. ਜਤ । 13. ਸ਼ਾਂਤੀ । 14. ਗੋਦੜੀ । 15. ਤਿਆਗੀ । 16. ਥੋੜੇ ਮਾਤਰ ਵੀ ਨਾ ਕਰੇ । 17. ਚੰਗਾ ਨਾ ਲੱਗੇ । 18. ਮੁੱਢ ਤੋਂ ਪਹਿਲੀ ਉਮਰ ਤੋਂ । 19. ਉਹ ਫਕੀਰੀ ਚੰਗੀ ਹੈ । 20. ਤ੍ਰਿਸ਼ਨਾ । 21. ਸੰਤੋਖ । 22. ਪਕੜੇ, ਕਮਾਵੇ । 23. ਉਹ ਫਕੀਰੀ ਧੰਨ ਹੈ ਧੰਨ ਹੈ । 24. ਘਰ ਜੰਗਲ ਦੇ ਬਰਾਬਰ ।

ਮੇਰ ਤੇਰ ਮੈਂ ਮੇਰੀ ਬਿਨਸੀ, ਨ ਕੋ ਵੈਰੀ ਮੀਤਾ ।
ਪੰਚ ਪਚੀਸਾ[1] ਕਾ ਬਲੁ ਘਟਿਆ, ਮਨ ਜੀਤੇ ਜਗੁ ਜੀਤਾ ।
ਨਾਨਕ ਪੰਥੀ ਭਣੇ ਦਰਬਾਰੀ. ਸੋ ਗ੍ਰਿਹਿ ਮਾਹਿ ਅਤੀਤਾ ॥ ੨੭ ॥
ਸੰਜ[2] ਨ ਰਾਖੇ ਮਾਲੁ ਅਜਾਈ, ਰਾਖੇ ਬ੍ਰਿਤਿ ਅਕਾਸੀ[3] ।
ਆਨਿ[4] ਨ ਕਾਂਣਿ[5] ਕਿਸੇ ਕੀ ਮਾਨੇ, ਮਾਨੇ ਇਕ ਅਬਿਨਾਸੀ ।
ਆਠੋ ਜਾਮ ਇਕਤੈ ਵਲਿ ਵਰਤੇ, ਸਰਬ ਬਾਸਨਾ ਨਾਸੀ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਕਹੀਐ ਸੰਨਿਆਸੀ ॥ ੨੮ ॥
ਨਾਗਨਿ ਨਾਰ ਸੁਖ ਸੂਲਾ ਦਾ ਸੱਥਰੁ, ਭੋਗ ਵਿਸਟਾ ਕਾਗ ਤਿਆਗੀ ॥
ਜੇਤੀ ਮਾਇਆ ਵਰਤਣਿ ਜਗ ਮਹਿ, ਸਭਾ ਕਉੜੀ ਲਾਗੀ ।
ਬਿਨੁ ਦਰਸਨੁ ਕੁਝ ਅਉਰੁ ਨ ਭਾਵੈ, ਚਿੜੰਗ ਪ੍ਰੇਮ ਕੀ ਜਾਗੀ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਕਹੀਐ ਬੈਰਾਗੀ ॥ ੨੯ ॥
ਲਾਲਚੁ ਲੋਭੁ ਤਿਆਗੇ ਮਨ ਤੇ, ਜਿਉ ਕੁੰਜ ਤਿਆਗੈ ਭੋਗੀ[6] ॥
ਅੱਠੇ ਪਹਿਰ ਰਹੇ ਇਕਤੇ ਰੰਗਿ, ਜੈਸੇ ਨਾਰ ਬਿਓਗੀ[7] ॥
ਜੁੜੇ ਜੋਗ ਸੋ ਤਜੇ ਭੋਗ ਸਭਿ, ਪੱਥ[8] ਰਾਖੇ ਜਿਉ ਰੋਗੀ ।
ਨਾਨਕ ਪੰਥੀ ਭਣੇ ਦਰਬਾਰੀ, ਸੋਈ ਕਹੀਐ ਜੋਗੀ ॥ ੩੦ ॥
ਗੁਰ ਕੀ ਆਗਿਆ ਸਿਰਿ ਪਰ ਟੋਪੀ, ਖਿਮਾ ਖਿੰਧੋਲੀ[9] ਖਾਸੀ ॥
ਸੁਕ੍ਰਿਤ[10] ਸੇਲੀ ਗਲ ਮਹਿ ਮੇਲੀ, ਕਾਟੇ ਜਮ ਕੀ ਫਾਸੀ ।
ਜੋ ਆਇਆ ਹਰਿ ਅਰਥਿ ਲਗਾਇਆ, ਟੁਕੜਾ ਰਹੇ ਨ ਬਾਸੀ[11] ॥
ਨਾਨਕ ਪੰਥੀ ਭਣੇ ਦਰਬਾਰੀ, ਕਹਿਐ ਸੋਇ ਉਦਾਸੀ ॥ ੩੧ ॥
ਅੱਠੇ ਪਹਿਰ ਰਹੇ ਮਤਵਾਲਾ, ਤਜ ਮਾਇਆ ਮਸਤਾਨਾ ।
ਭੈ ਸਾਹਿਬ ਦਾ ਮਨ ਮਹਿ ਰਾਖੈ, ਹਰਿ ਸਿਮਰਨ ਕੋ ਦਾਨਾ[12] ॥
ਆਦਰੁ ਨਿਰਾਦਰੁ ਇਕੋ ਜੇਹਾ, ਤਜੇ ਮਾਨ ਅਭਿਮਾਨਾ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਕਹੀਐ ਦੇਵਾਨਾ ॥ ੩੨ ॥
ਮਾਨਸ ਜਨਮੁ ਲੈਓ ਜਗ ਅੰਦਰਿ, ਕਹੁ ਕੀ ਕਰਮੁ ਕਮਾਣਾ ॥
ਪਰਉਪਕਾਰੁ ਨ ਕੀਤੋ ਭੋਰਾ, ਦਾਨੁ ਨ ਦਿੱਤੋ ਦਾਣਾ ।
ਹਰਿ ਹਰਿ ਨਾਮੁ ਨ ਜਪਿਓ ਰਸਨਾ, ਸ਼ੁੱਧੁ ਨ ਖਾਧੋ ਖਾਣਾ ।
ਅਗੈ ਨੂ ਕਾਈ ਖਟਿ[13] ਨ ਖੱਟੀ, ਬਹਿ ਖਾਧੋ ਖਰਚੁ ਪੁਰਾਣਾ ।
ਦਰਬਾਰੀ ਜਨਮੁ ਅਮੋਲਕੁ ਖੋਇਆ, ਜਿਉ ਕਉਡੀ ਲਾਲੁ ਵਿਕਾਣਾ ॥ ੩੩ ॥
ਸਿਰਿ ਪਰ ਕਾਲੁ ਕੂਕੇਦਾ ਵਤੇ[14], ਜਿਉ ਚਿੜੀਆ ਸਿਰਿ ਲਾਹਾ[15] ।

---

1. ਪੰਜਾਂ ਵਿਕਾਰਾਂ ਤੇ ਪੰਝੀ ਪ੍ਰਕਿਰਤੀਆਂ ਦਾ । 2. ਜੋੜ ਕੇ । 3. ਤਿਆਗ ਬ੍ਰਿਤੀ । 4. ਸ਼ਾਨ । 5. ਅਧੀਨਗੀ । 6. ਸੱਪ । 7. ਵਿਛੋੜੇ ਵਾਲੀ ਇਸਤ੍ਰੀ । 8. ਪਰਹੇਜ਼, ਸੰਜਮ । 9. ਗੋਦੜੀ । 10. ਸੁਭ ਕਰਮ । 11. ਬੇਹਾ । 12. ਸਿਆਣਾ । 13. ਖੱਟੀ, ਕਮਾਈ । 14. ਫਿਰਦਾ ਹੈ । 15. ਕਾਲੀ ਅੱਖ ਵਾਲਾ ਇੱਕ ਸ਼ਿਕਾਰੀ ਪੰਛੀ ।

ਮੱਛੀ ਨੂੰ ਜਿਉ ਜਾਲੁ ਅਚੇਤਾ,[1] ਤਿਉ ਪਾਸੀ ਜਮ ਫਾਹਾ[2] ॥
ਜਿਉ ਅਹੇੜੀ[3] ਮਿਰਗਾ ਵਾਹੇ[4], ਮੁੜੇ ਨ ਲਿਖਿਆ ਸਾਹਾ ॥
ਦਰਬਾਰੀ ਰਖਿ ਨ ਸਕੈ ਕੋਈ, ਕੂੜੀ ਕਰਨਿ ਕਹਾਹਾ[5] ॥ ੩੪ ॥
ਦੇਹੀ ਏਹੀ ਏਥੇ ਰਹਿਸੀ, ਪਉਣ ਗਉਣ ਕਰਿ ਜਾਸੀ ॥
ਦੇਖਤਿ ਸਗਲ ਕੁਟੰਬ[6] ਕਬੀਲੇ,[7] ਗਲ ਮੇਲੇ ਜਮ ਫਾਸੀ ॥
ਅਮਲ ਕਮਾਤੇ ਆਗੇ ਆਏ, ਮਾਰ ਕਰਗੁ ਜਮ ਖਾਸੀ ।
ਦਰਬਾਰੀ ਕੀਤੇ[8] ਸਦਾ ਸੱਜਰੇ, ਕਦੇ ਨ ਥੀਏ ਬਾਸੀ[9] ॥ ੩੫ ॥
ਸਜਣ ਸਗਲ ਰਹੇ ਮੁੜਿ ਏਥੇ, ਅਮਲ ਕਮਾਏ ਸੰਗੇ ॥
ਓਥੇ ਹੋਗੁ ਖਲਾਸੀ[10] ਉਨ ਕੀ, ਅਮਲ ਜਿਨ੍ਹਾ ਥੇ ਚੰਗੇ ॥
ਪਾਪ ਕਮਾਂਦੇ ਪਛੋਤਾਂਦੇ, ਸੁਖ ਨ ਧਿਆਵਨਿ ਮੰਗੇ ।
ਕਹੁ ਦਰਬਾਰੀ ਕੀ ਹਾਲ ਅਸਾਡਾ, ਮੈਂ ਉਬਰਾ[11] ਕਿਤੁ ਢੰਗੇ ॥ ੩੬ ॥
ਤੈ ਜੇਹਾ ਮੈਂ ਕੋਇ ਨ ਸੂਝੈ, ਤੂ ਸਭ ਦੂ ਉਪਰਿ ਚੜਿਦਾ ॥
ਤੈ ਜੇਹਾ ਕੋਈ ਹੋਰੁ ਨ ਘਾੜੂ, ਜਲ ਬੂੰਦਹੁ ਮੂਰਤ ਘੜਿਦਾ ॥
ਤੂ ਪੜਦੇ-ਪੋਸੁ ਸੁਣੀਦਾ ਆਹਾ, ਬੇਪੜਿਦਾਂ ਦਾ ਪੜਦਾ[12] ॥
ਦਰਬਾਰੀ ਨਾਉਂ ਲਈਜੇ ਤਿਸਦਾ, ਤਾ ਪਾਪੁ ਤਾਪੁ ਸਭ ਝੜਦਾ ॥ ੩੭ ॥
ਦੁਨੀਆ ਨਾਲ ਨ ਲਗਨਿ ਦੀਦੇ,[13] ਜਿਨ੍ਹਾ ਮਨ ਪ੍ਰੇਮੁ ਸਮਾਣਾ ।
ਸੁਖਿ ਦੁਖਿ ਇਕੋ ਜੇਹੇ ਦਿਸਨਿ, ਮੰਨਨਿ ਮਨਿ ਮਹਿ ਭਾਣਾ ।
ਪੀਤੇ ਫਿਰਨਿ ਨ ਕਹਿਨਿ ਕਿਸੇ ਨੂੰ, ਵਗੈ ਬਿਰਹਿ ਦੇ[14] ਬਾਣਾ ।
ਦਰਬਾਰੀ ਦਾਸ ਏਹਿ ਹਾਲੁ ਤਿਨਾ ਦਾ, ਜਿਨਾ ਮਨ ਅਸ਼ਕ ਰਬਾਣਾ[15] ॥ ੩੮ ॥
ਜਿਨਾ ਮਨ ਅਸ਼ਕ ਮੁੰਬਾਹੁ[16] ਬਿਰਾਜੈ, ਸੇ ਰਉਸਿ[17] ਕਿਵੇਹੀ ਰਹਿੰਦੇ ।
ਜਾਂ ਬੋਲਨਿ ਤਾ ਹਰਿ ਹਰਿ ਬੋਲਨਿ, ਅਉਰ ਨ ਮੁਖ ਤੇ ਕਹਿੰਦੇ ।
ਇਕਤੇ ਰੰਗ ਰਹਿਨਿ ਮਦ ਮਾਤੇ, ਸੁੱਤੇ ਉਠਦੇ ਬਹਿੰਦੇ ।
ਦਰਬਾਰੀ ਹਾਹਿ[18] ਪ੍ਰੇਮ ਦੀ ਕਾਢਨਿ, ਸਭਿ ਦੁਖਿ ਤਨ ਦੇ ਢਹਿੰਦੇ ॥ ੩੯ ॥
ਬ੍ਰਿਹਾ[19] ਮਾਨ[20] ਗੁਮਾਨ[21] ਨਾ ਛਡੇ, ਕਰਦਾ ਮਾਰ ਅਜੁਰਦੇ[22] ।
ਨਾ ਉਹੁ ਰਾਜੀ ਹੋਏ ਦਿਸਨਿ, ਨ ਉਹੁ ਦਿਸਨਿ ਝੁਰਦੇ ।
ਅਜਰੁ ਜਰਨਿ ਰਹਨਿ ਇਕਿ ਜੇਹੇ, ਧੰਨੁ ਤਿਨਾ ਦੇ ਗੁਰਦੇ[23] ।
ਦਰਬਾਰੀ ਭੁੰਨੇ ਦਾਣੇ ਵਾਂਝੂ, ਫੇਰਿ ਨ ਮੁੜਿਕੈ ਫੁਰਦੇ[24] ॥ ੪੦ ॥

---

1. ਅਚਣਚੇਤ, ਅਚਾਨਕ । 2. ਤਿਵੇਂ ਜਮ ਦਾ ਫਾਹਾ ਪਵੇਗਾ । 3. ਸ਼ਿਕਾਰੀ 4. ਪਕੜਦਾ ਹੈ । 5. ਵਿਰਲਾਪ । 6. ਸੰਤਾਨ, ਉਲਾਦ । 7. ਪਰਵਾਰ, ਟੱਬਰ । 8. ਭਾਵ ਕੀਤੇ ਹੋਏ ਕਰਮ । 9. ਬੇਹੇ ਨਹੀਂ ਹੁੰਦੇ । 10. ਮੁਕਤੀ । 11. ਬਚਾਂ, ਮੁਕਤ ਹੋਵਾਂ । 12. ਪੜਦਾ ਢਕਣ ਵਾਲਾ । 13. ਨੇਤ੍ਰ । 14. ਵਿਛੋੜੇ ਦੇ ਤੀਰ ਚਲ ਗਏ । 15. ਰੱਬ ਦਾ ਇਸ਼ਕ (ਪ੍ਰੇਮ) । 16. ਇਸ਼ਕ (ਪ੍ਰੇਮ) ਦਾ ਸੋਮਾ । 17. ਰਵਸ਼, ਢੰਗ, ਤ੍ਰੀਕਾ । 18. ਧੁਨੀ । 19. ਵਿਛੋੜਾ । 20. ਆਦਰ । 21. ਹੰਕਾਰ । 22. ਦੁਖੀ, ਵਿਆਕੁਲ । 23. ਹੌਂਸਲੇ । 24. ਫੁਟਦੇ ਭਾਵ, ਤਿੜਕਦੇ ਨਹੀਂ ।

ਜਿਨ੍ਹਾਂ ਪ੍ਰੇਮ ਪਟੋਲਾ ਪੈਧਾ,[1] ਕਦੇ ਨ ਪਾਟੇ ਪੜਦਾ ॥
ਪਾਲਾ ਪਾਪੁ ਏਵੈ ਲੁੜਿ ਜਾਸੀ,[2] ਲੈ ਜੈਸੀ ਜਲ ਹੜਿਦਾ ।
ਆਧਿ ਵਿਆਧਿ ਉਪਾਧਿ ਜਲਾਈ, ਜਿਉ ਈਂਧਨਿ[3] ਅਗਿ ਸੜਿਦਾ ।
ਦਰਬਾਰੀ ਪ੍ਰੇਮ ਪਿਆਰਾ ਜਾ ਕਉ, ਸੋ ਪਤਿ ਕੀ ਪਉੜੀ ਚੜਿਦਾ ॥ ੪੧ ॥
ਥੋੜਿਅਹੁ ਬਹੁਤਾ ਪ੍ਰੇਮੋ ਹੁੰਦਾ, ਜਿਉਂ ਭੋਰਿਅਹੁ ਤੇਜੁ ਵਧੀਂਦਾ ॥
ਜਿਉ ਅਗ ਜਲਾਵੈ ਈਧਨ ਤਾਂਈ, ਤਿਉਂ ਪਾਪਾ ਪ੍ਰੇਮ ਦਹੀਂਦਾ[4] ।
ਜੈ ਘਟਿ ਪ੍ਰੇਮੁ ਸੁ ਪ੍ਰੀਤਮੁ ਪਾਵੈ, ਥੀਵੈ ਨਾਂਹਿ ਵਖੀਂਦਾ[5] ।
ਦਰਬਾਰੀ ਜੈ ਘਟਿ ਪ੍ਰੇਮ ਨ ਪਿਰ ਕਾ, ਸੋ ਮਾਣਸ ਕਾਹਿ ਕਹੀਂਦਾ ॥ ੪੨ ॥
ਅਸ਼ਕੇ[6] ਬਾਝ ਅਸਾਇਸਿ[7] ਨਾਹੀ, ਨ ਸਮਝਨਿ ਮੂਰਖ ਲੋਗਾ ।
ਭੋਗਾ ਭੀਤਰਿ ਭਰਮਿ ਖਲੋਤੇ, ਉਠਨਿਗੇ ਤਨਿ ਰੋਗਾ ।
ਦੁਖ ਲਗੈ ਕੁਰਲਾਵਨਿ ਬਹੁਤਾ, ਪੁਨ ਕਵਣੁ ਛੁਡਾਵਣਿ ਜੋਗਾ ।
ਦਰਬਾਰੀ ਲਖ ਚੋਰਾਸੀ ਪਾਸੀ,[8] ਫਿਰਿ ਹੋਸੀ ਕਦਹੁ ਸੰਜੋਗਾ ॥ ੪੩ ॥
ਪ੍ਰੇਮੁ ਨ ਹਟਿ ਵਿਕਾਂਦਾ ਸੁਣੀਐ, ਦੇ ਵਥੁ ਮੁਲਿ ਲਿਆਈਐ ।
ਪ੍ਰੇਮ ਨ ਧਰਤੀ ਬੋਇਆ ਉਗੈ ਕਰਿ ਵਾਹਿ ਵਾਹਿ ਜਮਾਈਐ[9] ।
ਪ੍ਰੇਮ ਨ ਦੇਸਿ ਪ੍ਰਦੇਸੀ ਭਵਿਆਂ, ਜਿਥੇ ਸੁਣਕੈ ਜਾਈਐ ।
ਦਰਬਾਰੀ ਪ੍ਰੇਮ ਪਰਮੇਸਰ ਦੇ ਘਰਿ, ਸਤਿਗੁਰੁ ਦੇਇ ਤਾ ਪਾਈਐ ॥ ੪੪ ॥
ਅਧਮ ਉਧਾਰਨੁ[10] ਨਾਮੁ ਤੁਮਾਰਾ, ਪਤਿਤਾਂ ਨੂੰ ਪਾਵਨੁ[11] ਕਰਦਾ ।
ਤੈ ਪਾਨੀ ਉਪਰਿ ਪਾਹਨ[12] ਤਾਰੇ, ਤਾ ਮੈਂ ਕਿਉਂ ਨਹੀਂ ਤਰਦਾ ।
ਮੈਂ ਪਾਹਨ ਕੋਲਹੁ ਭਾਰਾ ਪਾਪੀ, ਦਾਸ ਤੁਮਾਰੇ ਘਰਿ ਦਾ ।
ਤੈਂ ਬੇੜੇ ਚਾਇ[13] ਬੈਕੁੰਠਿ ਪਠਾਏ, ਕੀ ਦਰਬਾਰੀ ਪੂਰਾ ਸਰਿਦਾ[14] ॥ ੪੫ ॥
ਅਸੀਂ ਖਾਨਾ ਜਾਦ ਗੁਲਾਮ[15] ਤੁਮਾਰੇ, ਮੁਲਿ ਖਰੀਦੇ ਬਰਦੇ[16] ।
ਤੁਸੀਂ ਅਸਾਥੋ ਫਰਕੁ ਹੰਢਾਵਹੁ,[17] ਅਸੀਂ ਏਹਿ ਦੁਖਿ ਅੰਦਰਿ ਜਰਦੇ[18] ।
ਤੁਸਾਂ ਨੂੰ ਨਾਹਿ ਪਰਵਾਹਿ ਅਸਾਡੀ, ਤੁਸਾਂ ਬਿਨੁ ਅਸੀ ਨ ਸਰਦੇ[19] ।
ਨਾਨਕ ਪੰਥੀ ਭਣੈ ਦਰਬਾਰੀ, ਅਸੀਂ ਗੁਲਾਮ ਤੁਸਾਡੇ ਘਰਿ ਦੇ ॥ ੪੬ ॥
ਤੂ ਅਭੁੱਲੁ ਅਸਾਡਾ ਸਾਹਿਬੁ, ਅਸੀਂ ਸਦਾ ਹੀ ਭੁਲੇ ਵੈਂਦੇ[20] ।
ਜਗ ਵਿਚਿ ਦਾਗੁ[21] ਤੁਸਾਡਾ ਸਾਨੂੰ, ਸਭਿ ਨਾਉਂ ਤੁਸਾਡਾ ਲੈਂਦੇ ।
ਨਾਉਂ ਨ ਤੇਰਾ ਧੋਤਾ ਉਤਰੇ, ਹੋਰਿ ਕਹਾਵਹਿ ਕੈਂਦੇ[22] ।

---

1. ਪਟ ਦਾ ਬਸਤ੍ਰ ਪਹਿਰਿਆ ਹੈ । 2. ਰੁੜ੍ਹ ਜਾਣਗੇ । 3. ਬਾਲਣ । 4. ਸਾੜਦਾ । 5. ਵਖਰਾ ਭਾਵ ਜੁਦਾ ਨਹੀਂ ਹੁੰਦਾ । 6. ਇਸ਼ਕ, ਪ੍ਰੇਮ । 7. ਸੁਖ, ਚੈਨ, ਅਰਾਮ । 8. ਚੁਰਾਸੀ ਲੱਖ ਜੂਨਾਂ ਦਾ ਚੱਕਰ ਪੈ ਜਾਵੇਗਾ । 9. (ਜ਼ਮੀਨ ਨੂੰ) ਵਾਹ ਵਾਹ ਕੇ ਬੀਜ ਕੇ ਉਗਾ ਲਈਏ । 10. ਨੀਚਾਂ (ਪਾਪੀਆਂ) ਦਾ ਉਧਾਰ ਕਰਨ ਵਾਲਾ । 11. ਪਾਪੀਆਂ ਨੂੰ ਪਵਿੱਤਰ ਕਰਨ ਵਾਲਾ । 12. ਪੱਥਰ । 13. ਚੜ੍ਹਾ ਕੇ । 14. ਕੀ ਦਰਬਾਰੀ ਦਾ (ਪ੍ਰਯੋਜਨ) ਪੂਰਾ ਹੋ ਜਾਂਦਾ ਹੈ । 15. ਘਰ ਜੰਮੇ ਨੌਕਰ । 16. ਜੰਗੀ ਕੈਦੀ । 17. ਫਰਕ ਰਖਦੇ ਹਨ । 18. ਸਹਾਰਦੇ । 19. ਸਾਨੂੰ ਨਹੀਂ ਸਰਦਾ । 20. ਫਿਰਦੇ ਹਾਂ । 21. ਕਲੰਕ । 22. ਕਿਸ ਦੇ ।

ਦਰਬਾਰੀ ਬਖਸਹਿ ਤਾ ਤੁਧਿ ਵਡਿਆਈ, ਜੇ ਮਾਰਹਿ ਤਦਿ ਭੀ ਤੈਂਡੇ[1] ॥ ੪੭ ॥
ਸਾਹਿਬ ਸਾਡਾ ਰੱਜਾ ਧਾਇਆ, ਅਸੀਂ ਦਰਸ ਪਿਆਸੇ ਫਿਰਦੇ।
ਅਉਰ ਨ ਤਲਬ ਅਸਾਡੇ ਅੰਦਰਿ, ਅਸੀ ਪਿਆਸੇ ਪਿਰ ਦੇ ॥
ਮਿਹਰ ਕਰਹਿ ਤਾਂ ਮੇਲੁ ਅਸਾਂ ਕੂੰ, ਅਸੀਂ ਵਿਛੁੜੇ ਹੋਇ ਚਿਰ ਦੇ।
ਦਰਬਾਰੀ ਪਲੁ ਭਰ ਵਿਸਰੇ ਨਾਹੀ, ਵੱਸਿ ਰਹਿਆ ਵਿਚਿ ਹਿਰਦੇ ॥ ੪੮ ॥
ਅਸੀਂ ਤੁਸਾਡੇ ਹੋਏ ਮਿਤ੍ਰਾ, ਮੁਲ ਖਰੀਦੇ ਗੋਲੇ।
ਕੁਛ ਅਸੀਂ ਤੁਸਾਨੂੰ ਪਿਆਰੇ ਹਾਂ, ਕਿ ਅਸੀਂ ਤੁਸਾਥੋਂ ਘੋਲੇ[2] ॥
ਅਸੀਂ ਬਹੁਤੇਰਾ ਕਹਿ ਕਹਿ ਥਾਕੇ, ਪਰ ਤੁਸੀਂ ਨ ਮੁਖ ਤੇ ਬੋਲੇ।
ਦਰਬਾਰੀ ਮਿਤ੍ਰ ਮੇਰੀ ਆਖੇ, ਮੈਂ ਮੂਲ ਨ ਮੇਵਾਂ ਚੋਲੇ[3] ॥ ੪੯ ॥
ਅਸੀਂ ਤੁਸਾਡੇ ਬਰਦੇ ਪਿਆਰਿਆ, ਅਸਾਂ ਵਿਚਹੁ ਸਭ ਖੁਇ ਖੋਈ[4]।
ਭਾਵੈ ਰਖਹੁ ਭਾਵੈ ਤ੍ਰਾਹੋ,[5] ਅਸਾਂ ਵਿਚਿ ਉਜਰੁ[6] ਨ ਕੋਈ।
ਨਚਣਿ ਲਗੀ ਨੂੰ ਸਰਮੁ ਕਿਨੇਹਾ, ਕਹਾ ਕਰੇਗੀ ਲੋਈ[17]।
ਦਰਬਾਰੀ ਧੁੰਮ[8] ਪਈ ਵਿਚਿ ਵੇਹੜੇ, ਮਿਤ੍ਰਾ ਮਿਤ੍ਰਾ ਹੋਈ ॥ ੫੦ ॥
ਅਸਾਂ ਤੁਸਾਡੀ ਆਸ ਪਿਆਰਿਆ, ਨਿਤ ਨਈ ਨਿਤ ਸਜੀ[9]।
ਤੂਹੇ ਸੱਜਣੁ ਪੜਦੇ ਕਜਣੁ, ਐਬ ਅਸਾਡੇ ਕੱਜੀ[10]।
ਤੈਨੂੰ ਛਡਿ ਜੁ ਅਵਰੀ ਰਾਤੇ[11], ਮਤਿ ਤਿਨਾ ਦੀ ਲੱਜੀ[12]।
ਨਾਨਕ ਪੰਥੀ ਭਣੇ ਦਰਬਾਰੀ, ਮੈਂ ਜਗ ਵਿਚਿ ਤੇਰੀ ਵੱਜੀ[13] ॥ ੫੧ ॥
ਅਜਮੁਲ ਗਨਕਾ ਪਾਵਨ ਕੀਤੇ, ਨਾਉ ਲੈਆ ਪੁਤ ਪੱਜੇ[14]।
ਪੋਂਡਰੀ[15] ਦੇ ਤੈ ਐਬ ਲੁਕਾਏ, ਧ੍ਰੋਪਤਿ[16] ਪੜਦੇ ਕਜੇ[17]।
ਸਭਨਾ ਦੀ ਤੈ ਰਖ ਵਿਖਾਈ, ਜੋ ਜਗ ਤੇਰੇ ਵਜੈ[18]।
ਦਰਬਾਰੀ ਦਾ ਪੜਦਾ ਢਕਿ ਲੀਜੈ, ਨ ਬਿਰਦੁ ਤੁਮਾਰਾ ਲਜੈ[19] ॥ ੫੨ ॥
ਕੋਲੀ ਕਾਂਮੀ ਕੰਨਿਆ ਠਗੀ, ਤੇ ਓਥੇ ਭੇਖ ਰਖਾਇਆ[20]।

---

1. ਤੇਰੇ। 2. ਵਾਰਨੇ ਜਾਂਦੇ ਹਾਂ। 3. ਚੋਲੇ ਵਿੱਚ ਉਕਾ ਹੀ ਨਹੀਂ ਮਿਉਂਆਂਗੀ। 3. ਸਾਹੀ ਆਦਤ ਗਵਾ ਦਿੱਤੀ। 5. ਝਾੜ ਕੇ ਪਰੇ ਸੁੱਟੇ। 6. ਬਹਾਨਾ ਜਾਂ ਬਲ। 7. ਲੋਕ, ਸ੍ਰਿਸ਼ਟੀ। 8. ਡੰਡਹੋਲੀ। 9. ਸਜਰੀ, ਤਾਜ਼ੀ। 10. ਤੂੰ ਢਕੀ। 11. ਹੋਰਾਂ ਨਾਲ ਰੰਗੇ ਹੋਏ ਹਨ। 12. ਸ਼ਰਮਿੰਦਾ ਹੁੰਦੀ ਹੈ। 13. ਪ੍ਰਸਿੱਧ ਹੋਈ। 14. ਬਹਾਨੇ। 15. ਕਬਜ਼ਾ। 16. ਦ੍ਰੋਪਤੀ। 17. ਢਕੇ। 18. ਪ੍ਰਸਿੱਧ ਹੋਏ। 19. ਸ਼ਰਮਿੰਦਾ ਨ ਹੋਵੇ। 20. ਕੋਲੀ (ਨੀਚ ਜ਼ਾਤ ਦੇ) ਕਾਮੀ ਪੁਰਸ਼ ਨੇ ਇਕ ਰਾਜੇ ਦੀ ਲੜਕੀ ਨੂੰ ਠੱਗ ਲਿਆ ਸੀ ਤੇ (ਉਸ ਦੀ ਰਖਿਆ ਹਿਤ) ਉਥੇ ਵਿਸ਼ਨੂੰ ਰੂਪ ਭੇਖ ਬਣਾਇਆ ਸੀ। ਜਿਵੇਂ ਬਿਲਾਵਲ ਰਾਗ ਵਿਚ ਸਧਨੇ ਜੀ ਨੇ ਕਿਹਾ ਹੈ। ਨ੍ਰਿਪ ਕੰਨਿਆ ਕੇ ਕਾਰਣੇ ਇਕ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ (ਭਗਤ ਮਾਲ ਵਿਚ ਲਿਖਿਆ ਹੈ ਕਿ ਇਕ ਰਾਜ ਪੁਤਰੀ ਨੇ ਪ੍ਰਣ ਕੀਤਾ ਸੀ ਕਿ ਮੈਂ ਵਿਸ਼ਨੂੰ ਨੂੰ ਵਰਾਂਗੀ। ਇਕ ਪਖੰਡੀ ਵਿਸ਼ਨੂੰ ਰੂਪ ਧਾਰ ਕੇ ਆਇਆ ਤੇ ਕੰਨਿਆ ਵਰੀ। ਜਦ ਸਹੁਰੇ ਉਪਰ ਵੈਰੀ ਚੜ੍ਹ ਆਇਆ ਤਾਂ ਸਭ ਨੇ ਕਿਹਾ ਜਦ ਵਿਸ਼ਨੂੰ ਜਵਾਈ ਹੈ ਤਾਂ ਵੈਰੀ ਦਾ ਕੀ ਡਰ। ਪਖੰਡੀ ਨੇ ਆਪਣੇ ਤਾਈਂ ਸ਼ਕਤੀ ਹੀਣ ਸਮਝ ਕੇ ਪਸਚਤਾਪ ਸਹਿਤ ਅਰਾਧਨਾ ਕੀਤੀ ਜਿਸ ਪਰ ਪਰਮਾਤਮਾ ਨੇ ਸਾਰੇ ਵਿਘਨ ਦੂਰ ਕਰ ਦਿੱਤੇ।

ਧ੍ਰੂ ਅਮਰੀਕ ਤੈ ਮੁਕਤ ਪਠਾਇਓ,[1] ਕਰਿ ਭੂਪਤੁ ਸਾਂਗੁ ਹਸਾਇਆ ।
ਲਖਹੁ ਕੱਖੁ ਤੇ ਕੱਖਹੁ ਲੱਖੁ, ਤੂ ਏਵੈ ਕਰਦਾ ਆਇਆ ।
ਨਾਨਕ ਪੰਥੀ ਭਣੇ ਦਰਬਾਰੀ, ਮੈਂ ਓਹੋ ਸਾਂਗ ਬਣਾਇਆ ॥ ੫੩ ॥
ਮੈਂ ਪੁਰ ਗੁਨਾਹੁ ਐਬੀਂ ਭਰਿਆ, ਤੂ ਰਹਮ ਦਰੀਆਉ[2] ਖੁਦਾਇਆ ।
ਨਾਉਂ ਤੇਰਾ ਬਖਿਸ਼ਿੰਦ ਸੁਣੀਦਾ, ਤੈ ਬਹੁਤੇ ਪਤਿਤ ਤਰਾਇਆ ।
ਤਿਸ ਨੋ ਦੁਖ ਜਮੁ ਪੋਹਿ ਨ[3] ਸਕੇ, ਜੋ ਸਰਨਿ ਤੁਮਾਰੀ ਆਇਆ ।
ਨਾਨਕ ਪੰਥੀ ਭਣੇ ਦਰਬਾਰੀ, ਮੈ ਸੁਣਿ ਕੇ ਭੇਖੁ ਬਣਾਇਆ ॥ ੫੪ ॥
ਬੁਰਜਿ ਬੁਰਿਆਈ ਅਰਿ ਭੀਤਿ[4] ਭਰਮਿ ਕੀ, ਦੁਰਮਤਿ ਦਰਵਾਜਾ ਜੜਿਆ ।
ਖੰਦਕ ਖੁਦੀ ਖੁਦਾਈ ਗੜ ਕਉ,[5] ਕੁਕਰਮੀ ਕੁੰਡਾ ਅੜਿਆ ।
ਪਾਪੁ ਪੋਟ[6] ਲੈ ਮਾਲੁ ਮਮਤਾ, ਮਨ ਮਵਾਸੁ[7] ਲੈ ਵੜਿਆ ।
ਅਉਗੁਣਿ ਓਟਿ ਲਈ ਮਨ ਮੂਰਖ, ਦਰਬਾਰੀ ਕੋਈ ਗੁਰਮੁਖ ਲੜਿਆ ॥ ੫੫ ॥
ਕਾਮੁ ਕੁਠਾਰੁ[8] ਫੜਿ ਕ੍ਰੋਧ ਕੁਠਾਰੀ[9], ਕੁਬੁਧਿ ਕਮਾਨ ਚਢਾਏ ।
ਤ੍ਰਿਸਨਾ ਤੀਰ ਭਰਿਆ ਘਟੁ ਤਰਗਸੁ[10], ਨਿੰਦ ਨਗਾਰਾ ਵਾਏ[11] ।
ਤਮਕਿ[12] ਤਲਵਾਰਿ ਬੇਨਜਰਿ[13] ਕੀ ਬਰਛੀ, ਅਗਿਆਨ ਕੀ ਢਾਲ ਬਨਾਏ ।
ਦਰਬਾਰੀ ਮਨ ਮਵਾਸਾ ਹੂਆ[14], ਕਿਵ ਕਰਿ ਲੀਆ ਜਾਏ ॥ ੫੬ ॥
ਬੁਧਿ ਬੰਦੂਕ ਦਇਆ ਵਿਚਿ ਦਾਰੂ[15], ਪਿਆਲਾ[16] ਪ੍ਰੇਮ ਜੜਾਇਆ ।
ਗਾਰ ਗਰੀਬੀ ਮਹਿ ਬਿਰਹੁ ਬੈਸੰਤਿਰੁ[17], ਕੁੰਡਾ ਕਰਮ ਝੜਾਇਆ ।
ਗੁਣ ਕਰਿ ਗਜ ਸਿਵਿ ਸੁੰਭਾ ਦੀਆ[18], ਗੋਲਾ ਗਿਆਨੁ ਘੜਾਇਆ ।
ਜੁਗਤਿ ਜਾਮ ਕੀ ਜੜੀ ਜੁਆਨੀ[19], ਤੋਤਾ ਤਮਕਿ ਨਿਵਾਇਆ[20] ।
ਭੀਤਰ ਭਰਮ ਕੇ ਬੁਰਜ ਗਿਰਾਏ[21], ਪਹਿਲੀ ਚੋਟ ਸਿਝਾਇਆ[22] ।
ਦਰਬਾਰੀ ਸੂਰੇ ਚੜ੍ਹੇ ਕੋਟ ਪਰਿ, ਨਿਜਿ ਘਰਿ ਵਾਸਾ ਪਾਇਆ ॥ ੫੭ ॥
ਇਕਨਿ ਕੁਮ੍ਹਿਆਰ[23] ਘੜੇ ਸਭਿ ਭਾਂਡੇ, ਤੇ ਆਵੀ ਇਕਤਿ ਪਕਾਏ ।
ਇਕਸਿ ਥਾਂਵ ਦੀ ਮਿਟੀ ਆਂਦੀ, ਤੇ ਇਕ ਨੇ ਗੋਇ ਬਣਾਏ[24] ।

---

1. ਧ੍ਰੂ ਤੇ ਅਮਰੀਕ ਨੂੰ ਮੁਕਤ ਕਰਕੇ ਭੇਜਿਆ । 2. ਕਿਰਪਾ ਦਾ ਦਰਿਆ ਭਾਵ ਬਹੁਤ ਕ੍ਰਿਪਾਲੂ । 3. ਮੂਲ ਪਾਠ ਵਿਚ 'ਨ' ਅੱਖਰ ਨਹੀਂ ਹੈ । 4. ਕੰਧ । 5. ਸਰੀਰ ਰੂਪ ਕਿਲੇ ਦੀ ਰਖਿਆ ਲਈ ਖੁਦੀ (ਹਉਮੈ) ਦੀ ਖੰਦਕ (ਖਾਈ) ਪੁਟਾਈ । 6. ਪੰਡ । 7. ਆਕੀ ਮਨ । 8. ਕੁਹਾੜਾ । 9. ਕੁਹਾੜੀ 10. ਹਿਰਦਾ ਰੂਪ ਭੱਥਾ । 11. ਵਜਾ ਕੇ । 12. ਕ੍ਰੋਧ ਬ੍ਰਿਤੀ । 13. ਅਵਿਦਿਆ । 14. ਮਨ (ਰੂਪ ਰਾਜਾ) ਆਕੀ ਹੋ ਗਿਆ । 15. ਬਰੂਦ, ਸਿੱਕਾ । 16. ਤੋੜੇਦਾਰ ਅਤੇ ਪੱਥਰ ਕਲਾ ਬੰਦੂਕ ਦਾ ਪਿਆਲੇ ਦੀ ਸ਼ਕਲ ਦਾ ਉਹ ਅਸਥਾਨ ਜਿਸ ਵਿਚ ਬਾਰੂਦ ਰਖੀਦਾ ਹੈ । ਜੋ ਤੋੜੇ ਦੀ ਅੱਗ ਜਾਂ ਪੱਥਰੀ ਦੇ ਚਿੰਗਾੜੇ ਨਾਲ ਮੱਚ ਉਠਦਾ ਹੈ । ਪਿਆਲੇ ਦੀ ਅੱਗ ਛੋਟੇ ਛੇਕ ਵਿਚ ਦੀ ਬੰਦੂਕ ਦੀ ਕੋਠੀ ਵਿਚ ਪਹੁੰਚਦੀ ਹੈ । 17. ਵਿਛੋੜੇ ਦੀ ਅੱਗ । 18. ਗੁਣਾ ਦਾ ਰਾਜ ਬਣਾ ਕੇ ਸ਼ਾਂਤੀ ਦਾ ਵਰਮਾ ਦਿਤਾ (ਸੁੰਭਾ=ਵਰਮਾ) । 19. ਭਰ ਉਮਰ । 20. ਕ੍ਰੋਧ ਰੂਪ ਤੋੜੇਦਾਰ ਬੰਦੂਕ ਦਾ ਘੋੜਾ ਦੱਬਿਆ । 21. ਅੰਦਰੋਂ ਭਰਮ ਦੇ ਬੁਰਜ ਡੇਗ ਦਿੱਤੇ । 22. ਕਾਮਯਾਬੀ ਹਾਸਲ ਕਰ ਲਈ । 23. ਇਕੋ ਕੁਮ੍ਹਿਆਰ ਪ੍ਰਮੇਸ਼ਰ ਨੇ । 24. ਪੰਜਾਂ ਤੱਤਾਂ ਦੀ ਮਿੱਟੀ ਗੋ ਕੇ ਸਰੀਰਾਂ ਦੇ ਭਾਂਡੇ ਬਣਾਏ ।

ਇਕਨਾ ਦੇ ਵਿਚਿ ਪਈ ਪਲੀਤੀ[1], ਇਕਿ ਘਿਇ ਦੁਧ ਸਮਾਏ ।
ਦਰਬਾਰੀ ਹਥਿ ਕਿਸੇ ਕਿਛੁ ਨਾਹੀ, ਸੋ ਨਿਕਲੇ ਜੋ ਪਾਏ ॥ ੫੮ ॥
ਸਭਿ ਘਟਿ ਇਕਸੇ ਸਾਜ ਸਵਾਰੇ, ਸਭ ਘਟਿ ਇਕਸੇ ਸੰਦੇ[2] ।
ਸਭਨਾ ਦੇ ਵਿਚਿ ਵਸਤੁ ਪਰੀਠੀ[3], ਇਕਿ ਚੰਗੇ ਇਕਿ ਮੰਦੇ ।
ਇਕਨਾ ਘਟਾ ਵਿਚਿ ਦੀਪਕੁ[4] ਧਰਿਆ, ਇਕ ਅੰਧੇਰੇ ਚੰਦੇ[5] ।
ਦਰਬਾਰੀ ਹਥਿ ਕਿਸੇ ਕਿਛੁ ਨਾਹੀ, ਸਭ ਕਾਲ ਕਰਮ ਦੇ ਬੰਦੇ ॥ ੫੯ ॥
ਨਾਲਿ ਮਹਿਬੂਬਿ[6] ਮਹੱਬਤਿ[7] ਕੇਹੀ, ਜੇ ਕਰਿ ਲਾਇਆ ਲੋੜੇ ।
ਅਠੇ ਪਹਰਿ ਰਹੇ ਇਕਤੈ ਵਲਿ, ਆਨ ਧਿਰਾਂ ਤੇ ਤੋੜੇ ।
ਮਨ ਮਿਲਿਆ ਬਾਝੁ ਨ ਮਿਲੈ ਪ੍ਰੀਤਮੁ, ਜੇ ਲਖ ਲਖ ਹਿਕਮਤਿ[8] ਜੋੜੇ ।
ਨਾਨਕ ਪੰਥੀ ਭਣੇ ਦਰਬਾਰੀ, ਦੁਖ ਸੁਖ ਮੁਖੁ ਨ ਮੋੜੇ ॥ ੬੦ ॥
ਤਪੁ ਕਰੀਏ ਤ ਇਹੁ ਤਪੁ ਕਰੀਏ, ਮਨ ਕੀ ਤਪਤਿ ਮਿਟਾਈਐ ।
ਜਪ ਕਰੀਏ ਤਾ ਇਹੁ ਜਪੁ ਕਰੀਏ, ਇਕੁ ਸਾਸੁ ਨ ਉਹ ਬਿਸਰਾਈਯੈ ।
ਹਉਮੈ ਮੈਲੁ ਲਹੇ ਖਿਨੁ ਭੀਤਰਿ, ਸਤਿਗੁਰ ਤੀਰਥ ਨਾਈਯੈ ।
ਦਰਬਾਰੀ ਸਦ ਚੁਕੇ ਜਮ ਕੇਰੀ[9], ਤਿਸੁ ਗੁਰ ਸਰਨੀ ਪਾਈਯੈ ॥ ੬੧ ॥
ਮਜਬਾਂ ਵਾਲਿਆਂ ਦਾ ਦਰਜਾ ਊਚਾ, ਤੇ ਸਾਂਈ ਦਾ ਦਰੁ ਨੀਵਾਂ ।
ਨਿਵਿਆਂ ਬਾਝਹੁ ਨਾਂਹਿ ਲੰਘੀਵੇ, ਨਾਂਹਿ ਕਿਸੇ ਦੀ ਸੀਵਾਂ[10] ।
ਵਡੀ ਵਡੇਰੀ ਮੁੜਿ ਮੁੜਿ ਆਵੈ, ਮੈਂ ਕੈਦੇ[11] ਨਾਲਿ ਲੰਘੀਵਾਂ ।
ਦਰਬਾਰੀ ਈਹਾਂ ਜੋ ਨਿਵਿ ਚਲੇ, ਮੈਂ ਤੈਂਦੀ ਬਾਂਦੀ ਥੀਵਾਂ[12] ॥ ੬੨ ॥
ਮਜ਼ਬਾਂ ਉਤੋਂ ਲੜਿ ਲੜਿ ਮਰਦੇ, ਹਿੰਦੂ ਮੁਸਲਮਾਨਾ ।
ਰਾਮ ਰਹੀਮ ਉਤਹੁ ਦੁਇ ਝਗੜਨਿ, ਦਾਵਾ ਬੰਨ੍ਹਿ ਅਜਾਨਾ ।
ਉਹ ਸਭਨਾ ਦਾ ਸਾਝਾ ਸਾਹਿਬੁ, ਮਿਹਰਵਾਨੁ ਸੁਬਹਾਨਾ[13] ।
ਦਰਬਾਰੀ ਕਮਾਂਨ ਅਨੇਕ ਚਢੀ ਹੈ, ਆਗੇ ਏਕ ਨੀਸਾਨਾ ॥ ੬੩ ॥
ਮਜਬਾਂ ਵਾਲਿਆਂ ਨੂੰ ਮਜਬ ਪਿਆਰੇ, ਪਰੁ ਪੀਉ[14] ਪਿਆਰਾ ਨਾਹੀ ।
ਜੀਅ ਜੀਅ ਅੰਦਰਿ ਪੀਉ ਪਿਆਰਾ, ਸਮਝਿ ਦੇਖੁ ਮਨ ਮਾਹੀ ।
ਪੀਉ ਪਿਆਰਾ ਜੇ ਕਰਿ ਹੋਵੇ, ਕਿਵ ਜੀਅ ਜਿਬਹ ਕਰਾਹੀ[15] ।
ਦਰਬਾਰੀ ਦੋਵੈ ਭੁਲੈ ਵੈਦੇ[16], ਹਿੰਦੂ ਤੁਰਕ ਦੁਰਾਹੀ[17] ॥ ੬੪ ॥
ਉਨਿ ਧੋਤੀ ਉਨਿ ਤਹਿਮਦੁ[18] ਕੀਤਾ, ਉਨਿ ਮਾਲਾ ਉਨਿ ਤਸਬੀ[19] ॥
ਪੀਉ ਪਿਆਰਾ ਏਉਂ ਨ ਮਿਲਸੀ, ਏਨੀ ਮਜ਼ਬੀ ਕਸਬੀ[20] ।

---

1. ਅਪਵਿਤ੍ਰ ਵਸਤੂ । 2. ਇਕੋ ਦੇ ਹਨ । 3. ਪਰੋਸੀ । 4. ਦੀਵਾ । 5 .ਇਕ [ਚੰਦੇ] ਕਿਤਨੇ ਹੀ ਅੰਨ੍ਹੇਰੇ (ਘੜੇ ਹਿਰਦੇ) ਹਨ । 6. ਪ੍ਰੀਤਮ । 7. ਪ੍ਰੀਤੀ । 8. ਚਤੁਰਾਈ । 9. ਜਮ ਦੀ ਹਾਕ (ਅਵਾਜ਼) ਦੂਰ ਹੋਵੇ । 10. ਹੱਦ, ਬੰਨਾ । 11. ਕਿਸ ਦੇ । 12. ਤਿਸ ਦੀ ਦਾਸੀ ਹੋਵਾਂ । 13. ਪਵਿਤ੍ਰ ਰੂਪ ਆਤਮਾ, ਕਰਤਾਰ । 14, ਪਤੀ, ਪ੍ਰਮੇਸ਼ਰ । 15. ਕਿਉਂ ਜੀਆਂ ਦੇ ਗਲ ਵਢੇ । 16. ਫਿਰਦੇ । 17. ਖੋਟੇ ਰਾਹਾਂ ਵਿਚ । 18. ਮੁਸਲਮਾਨਾਂ ਦਾ ਤੇੜ ਬੰਨ੍ਹਿਆ ਬਸਤ੍ਰ । 19. ਮੁਸਲਮਾਨਾਂ ਦੀ ਮਾਲਾ ਜੋ 101 ਮਣਕਿਆਂ ਦੀ ਹੁੰਦੀ ਹੈ । 20. ਕਿੱਤਿਆਂ ਨਾਲ ।

ਜਾਇ ਪੁਛਹੁ ਗੁਰ ਪੀਰ ਪਿਆਰੇ, ਮਿਲੇ ਪੀਉ ਕਿਨੀ ਵਸਬੀ[1] ।
ਦਰਬਾਰੀ ਸਤਿਗੁਰ ਪੂਰੇ ਬਾਝਹੁ, ਸਭਾ ਮਰੈ ਨਿਖੱਸਮੀ ॥ ੬੫ ॥
ਅਪਨੇ ਮਾਸ ਨ ਸੂਈ ਚੋਭਹਿ, ਅਉਰਾ ਸੀਖ ਚੜਾਵਹਿ[2] ।
ਉਹ ਤੈਨੂੰ ਕਹੁ ਕਿਉ ਨ ਖਾਵਿਨ, ਜਿਨਾ ਨੂੰ[3] ਤੂ ਖਾਵਹਿ ।
ਧਰਮ ਰਾਇ ਜਬ ਲੇਖਾ ਪੁਛਗੁ, ਕਹਾ ਜਬਾਬੁ ਅਲਾਵਹਿ[4] ।
ਦਰਬਾਰੀ ਐਸੇ ਜੈਸੇ ਮਾਣਸ, ਸਭੈ ਹੀ ਦੁੱਖੁ ਪਾਵਹਿ ॥ ੬੬ ॥
ਖਾਵਣ ਕਾਰਨਿ ਜੀਆਂ ਮਾਰਨਿ, ਕਹਤੇ ਨਾਉ ਹਲਾਲੋ ।
ਜੋਰੀ ਕੀਏ ਜੁਲਮੁ ਹੋਤ ਹੈ, ਲਿਖਿਆ ਕਹਾ ਜਵਾਲੋ[5] ।
ਧਰਮ ਰਾਇ ਜਦ ਲੇਖਾ ਮੰਗੁਗੁ, ਹੋਵਗੁ ਕਉਣੁ ਹਵਾਲੋ ।
ਦਰਬਾਰੀ ਬੀਜੈ ਦੁਖ ਮਣਾ-ਮੁਹਿ[6], ਸੁਖ ਕਹਾ ਤੇ ਭਾਲੋ ॥ ੬੭ ॥
ਸੁਆਦ ਜੀਭ ਦੇ ਜੀਆਂ ਮਾਰਨਿ, ਕਹਨਿ ਹਲਾਲੁ[7] ਕਰਾਇਆ ।
ਕਉਨ ਕਿਤਾਬ ਲਿਖੀ ਇਹ ਜੁਲਮੀ, ਕਹੁ ਕਿਨਿ ਇਹ ਫੁਰਮਾਇਆ ।
ਹਲਾਲੁ ਹਰਾਮੁ[8] ਕੁਛੁ ਸਮਝਨਿ ਨਾਹੀ, ਖਾਵਨਿ ਹਕੁ ਪਰਾਇਆ ।
ਦਰਬਾਰੀ ਸੇ ਨਰ ਦੋਜਕਿ ਸੜਸਨਿ, ਜਿੰਨ੍ਹਾ ਜੋਰੀ ਜੀਅ ਮਰਾਇਆ ॥ ੬੮ ॥
ਜੀਉ ਜੀਵਦਾ ਗਇਆ ਕਿਥਾਈਵੇਂ, ਕਹ[9] ਹਲਾਲੁ ਕਿਆ ਹੂਆ ।
ਮੁਈ ਮਾਟੀ ਕਉ ਭੁਗਤਣਿ[10] ਲਾਗੇ, ਮੂਏ ਕਾ ਕਿਆ ਮੂਆ ॥
ਉਨਿ ਹਲਾਲ ਉਨਿ ਝਟਕਾ ਕੀਆਂ, ਹਾਰਿ ਚਲੇ ਦੋ[11] ਜੂਆ ।
ਦਰਬਾਰੀ ਐਸੇ ਨਰਕ ਨ ਜਾਵਹਿ, ਸਾਹਿਬੁ ਹੋਵੇ ਦੂਆ[12] ॥ ੬੯ ॥
ਧੀਆਂ ਦਬਨਿ ਤੇ ਗਾਈਂ ਖੇਦਨਿ[13], ਵੱਛੇ ਮਰਨਿ ਧਸਾਂਦੇ[14] ।
ਖਾਂਹਿ ਕਬਾਬੁ[15] ਸਰਾਬੀ ਹੋਵਹਿ, ਮਾਲੁ ਪਰਾਇਆ ਖਾਂਦੇ ।
ਏਹਿ ਕਰਤੂਤਿ ਤਿਨਾ ਦੀ ਆਹੀ, ਮੰਦੇ ਕਰਮ ਜਿੰਨਾਂ ਦੇ ।
ਦਰਬਾਰੀ ਐਸੇ ਜੈਸੇ ਮਾਣੂ[16] ਨਰਕਿ ਅਪੁਛੇ[17] ਜਾਂਦੇ ॥ ੭੦ ॥
ਲਿਖਿ ਲਿਖਿ ਚਿੱਤ ਘੱਤੇ ਬਹੁਤੇਰੇ[18], ਮਨ ਮਹਿ ਸਾਂਤਿ ਨ ਆਈ ।
ਪੜਿ ਪੜਿ ਥਕਿਆ ਬਾਦੁ[19] ਘਨੇਰਾ, ਸੁਧ ਨ ਪਾਈਆ ਕਾਈ ।
ਤੀਰਥ ਬਰਤ ਕੀਤੇ ਬਹੁ ਭਾਤੀ, ਮਨ ਕੀ ਮੈਲੁ ਨ ਜਾਈ ।
ਰਹਿਣੀ ਬਾਝਹੁ ਕਹਿਣੀ ਕਚੀ, ਦਰਬਾਰੀ ਘਾਲ ਅਜਾਈ[20] ॥ ੭੧ ॥

---

1. ਗੁਣਾ ਨਾਲ [ਵਸਫ-ਗੁਣ ।] 2. ਲੋਹੇ ਦੀ ਸੀਖ ਨਾਲ ਮਾਸ ਭੁੰਨਦੇ ਹਨ । 3. ਕੀ । 4. ਕਹੇਂਗਾ । 5. ਘਟਾਉ, ਗਿਰਾਉ । 6. ਬਹੁਤਾ, ਬੇਹਿਸਾਬਾ । 7. ਧਰਮ ਅਨੁਸਾਰ ਜਿਸ ਦਾ ਮਾਰਨਾਂ ਯੋਗ ਹੈ । 8. ਧਰਮ ਅਨੁਸਾਰ ਜਿਸ ਦਾ ਤਿਆਗ ਕਰਨਾ ਯੋਗ ਹੈ । 9. ਕਿਥੇ । 10. ਖਾਣ । 11. ਦੋਨੋਂ ਹੀ । 12. ਉਨ੍ਹਾਂ ਦਾ ਮਾਲਕ ਦੂਜਾ ਹੋਵੇਗਾ । 13. ਧੀਆਂ ਨੂੰ ਮਾਰ ਕੇ ਦੱਬ ਦਿੰਦੇ ਹਨ ਅਤੇ ਗਊਆਂ ਨੂੰ ਦੁਖ ਦਿੰਦੇ ਹਨ । 14. (ਆਪਣੀਆਂ ਗਾਵਾਂ ਦੇ ਵਿਛੋੜੇ ਵਿਚ) ਦੁਖੀ ਹੁੰਦੇ । 15. ਮਾਸ । 16. ਮਨੁੱਖ । 17. ਬਿਨਾ ਪੁੱਛੇ । 18. ਬਹੁਤੇ ਚਿਤਿ (ਚਿਤ੍ਰ) ਲਿਖ ਲਿਖ ਕੇ ਬਣਾ ਕੇ ਘਤ (ਸੁੱਟੇ) ਭਾਵ ਲੋਕਾਂ ਪਾਸ ਭੇਜੇ । 19. ਝਗੜਾ, ਚਰਚਾ । 20. ਕਮਾਈ ਵਿਅਰਥ ਗਈ ।

ਧਰਮੁ ਧੀਰਜੁ ਲੜਿ ਬਧੋ ਨਾਹੀ, ਪਾਪਾ ਪੋਟ[1] ਉਠਾਈ ।
ਮਾਇਆ ਨਦੀ ਮਧ[2] ਗਹਿਰੀ ਵਗਦੀ, ਸੋ ਕਿਉ ਕਰਿ ਤਰਨੀ ਜਾਈ ।
ਗਲਾਂ ਕਰਿ ਕਰਿ ਪਾਰ ਵੰਞੇਦੇ[3], ਨ ਤੁਲਹਾ ਨਾਉ ਘੜਾਈ[4] ।
ਦਰਬਾਰੀ ਸੇ ਨਰ ਡੁਬਦੇ ਡਿਠੇ, ਜਿਨ੍ਹਾਂ ਮਲਾਹਿ[5] ਪ੍ਰੀਤਿ ਨਾ ਲਾਈ ॥ ੭੨ ॥
ਕਾਗਦਿ ਉਪਰਿ ਦਾਰੂ ਲਿਖਿਆ, ਨਿਤਿ ਪੜੀਐ ਰੋਗ ਨ ਜਾਂਦਾ ।
ਰੋਗ ਤਿਨਾ ਦਾ ਵੰਞ ਸਿਧਾਵੇ[6] ਜੋ ਕਰਿਕੇ ਅਉਖਧਿ ਖਾਂਦਾ[7] ।
ਅਉਖਧੁ ਖਾਇਕੈ ਪਥੁ[8] ਨ ਰਖੇ, ਵਾਉ ਝੋਲਾ[9] ਮਾਰ ਜਾਂਦਾ ।
ਦਰਬਾਰੀ ਪਛੁਹੁ ਜਾਇ ਤਿਨਾ ਨੂੰ, ਧਮਨੀ ਗਿਆਨੁ[10] ਜਿਨ੍ਹਾ ਦਾ ॥ ੭੩ ॥
ਉਮਰ ਅਜਾਈ ਜਾਇ ਅਮੋਲਕੁ, ਤੈਂ ਕਿਉ ਠੰਢਾ ਕੜ੍ਹਦਾ ।
ਏਹੁ ਜੁਆਨੀ ਅਹਲਿ ਦਿਵਾਨੀ[11], ਜਿਉ ਜਲੁ ਆਇਆ ਹੜਿ ਦਾ ।
ਅੰਤ ਬੁਢੇਪਾ ਆਵਗੁ ਤੈਨੂ, ਜਰੁ[12] ਜਰਵਾਣਾ[13] ਚੜ੍ਹਦਾ ।
ਦਰਬਾਰੀ ਤਿਸ ਨੂੰ ਕਿਉ ਨ ਸਿਮਰਹਿ, ਜਲ ਬੂੰਦਹ[14] ਮੂਰਤਿ ਘੜਦਾ ॥ ੭੪ ॥
ਸਾਧਾ ਨਿੰਦਹਿ ਚੋਰ ਸਲਾਹੇ, ਹੱਕੁ ਪਰਾਇਆ ਖਾਹੀ ।
ਸਚੁ ਨ ਸੰਚਹਿ ਕਚੁ ਵਿਹਾਝਹਿ, ਝੂਠ ਸਦਾ ਮੁਖਿ ਮਾਹੀ ।
ਮਨ ਮਹਿ ਗਰਬੁ ਕਰੇ ਅਤਿ ਏਤਾ[15], ਅਸੀਂ ਬਹਿਸਤਿ ਕਉ ਜਾਹੀ ।
ਦਰਬਾਰੀ ਐਸੇ ਜਾਹਿ ਸੁਰਗੁ ਕੋ, ਤਉ ਦੋਜਕੁ ਹੈ ਹੀ ਨਾਹੀ ॥ ੭੫ ॥
ਅਸਾਂ ਮਨ ਆਸ ਘਨੇਰੀ ਹੋਈ, ਦਰਸ ਤੁਮਾਰੈ ਕੇਰੀ ।
ਤੁਸਾਡੇ ਸਾਨ ਗੁਮਾਨ ਭਿ ਨਾਹੀ[16], ਅਸਾਂ ਉਰ ਚਾਹ ਘਣੇਰੀ ।
ਤੈ ਜੇਹਾ ਕੋਈ ਨਜਰਿ ਨ ਆਵੈ, ਢੂੰਢਿ ਡਿਠੀ ਬਹੁਤੇਰੀ ।
ਨਾਨਕ ਪੰਥੀ ਭਣੇ ਦਰਬਾਰੀ, ਮੈ ਆਦਿ ਜੁਗਾਦੀ[17] ਤੇਰੀ ॥ ੭੬ ॥
ਅਸਾਂ ਮਨ ਚਾਉ ਘਨੇਰਾ ਤੇਰਾ, ਤੁਸਾਡੇ ਚਿਤਿ ਨ ਚੇਤੇ ।
ਤਾਘਹਿ[18] ਬਹੁਤਾ ਪਹੁਚਿ ਨ ਹੰਘਹਿ[19], ਬੀਤ ਗਏ ਦਿਨ ਕੇਤੇ ।
ਸੁਪਨੈ ਨਾਲਿ ਤੁਸਾਡੇ ਗਲਾ, ਉਠਿ ਨਾਮੁ ਤੁਮਾਰਾ ਲੇਤੇ ।
ਨਾਨਕ ਪੰਥੀ ਭਣੇ ਦਰਬਾਰੀ, ਤੈ ਕਿਉ ਲਾਏ ਦਿਨਿ ਏਤੇ ॥ ੭੭ ॥
ਏਡੀ ਪਿਆਸਿ ਅਸਾਡੇ ਅੰਦਰਿ, ਜਿਉ ਚਾਤ੍ਰਿਕ ਬੂੰਦ ਪੁਕਾਰੇ ।
ਸਲਿਤਾ[20] ਸਮੁੰਦ ਭਰੇ ਜਲ ਸੁਭੱਰ,[21] ਬਿਨ ਬੂੰਦ ਨ ਕਾਰਜ ਸਾਰੇ ।

---

1. ਪੰਡ । 2. ਵਿਚਕਾਰੋਂ । 3. ਜਾਂਦੇ ਹਨ । 4. ਨਾ ਪ੍ਰੇਮ ਰੂਪ ਤੁਲਹਾ ਤੇ ਨ ਹੀ ਭਗਤ ਰੂਪ ਬੇੜੀ ਤਿਆਰ ਕਰਵਾਈ । 5. ਗੁਰੂ ਰੂਪ ਮਲਾਹ ਨਾਲ । 6. ਚਲਿਆ ਜਾਂਦਾ ਹੈ । 7. ਜੋ ਦਵਾਈ (ਤਿਆਰ) ਕਰਕੇ ਖਾਂਦਾ ਹੈ । 8. ਸੰਜਮ, ਪਰਹੇਜ਼ । 9. ਇਕ ਬੀਮਾਰੀ ਜਿਸ ਨਾਲ ਸਰੀਰ ਕੰਬਣ ਲਗ ਪੈਂਦਾ ਹੈ । 10. ਨਬਜ਼ ਵੇਖਣ ਦਾ ਗਿਆਨ । 11. ਦੀਵਾਨਾ (ਪਾਗਲ) ਕਰਨ ਵਾਲੀ ਹੈ । 12. ਬੁਢਾਪਾ । 13. ਬਲਵਾਨ । 14. ਜਲ ਦੀ ਬੂੰਦ (ਭਾਵ ਵੀਰਯ) ਤੋਂ । 15. ਇਤਨਾ, ਬਹੁਤਾ । 16. ਤੁਹਾਡੇ ਸਾਨ (ਬਰਾਬਰ) ਹੋਣ ਦਾ ਗੁਮਾਨ (ਖਿਆਲ) ਭੀ ਨਹੀਂ ਹੈ । 17. ਮੁੱਢ ਤੋਂ, ਆਦਿ ਕਾਲ ਤੋਂ, ਸਦਾ ਤੋਂ । 18. ਚਾਹੁੰਦੇ ਹਾਂ । 19. ਸਕਦੇ । 20. ਨਦੀਆਂ । 21. ਨਬਾਲਬ, ਨੱਕੋ ਨੱਕ, ਕਿਨਾਰਿਆਂ ਤੱਕ ।

ਤਿਉ ਤੁਝ ਬਾਝੁ ਸਭੋ ਕੁਛ ਕੂਛ ਨਾ, ਨਾਹਿਨ ਕਾਮ ਹਮਾਰੇ ।
ਨਾਨਕ ਪੰਥੀ ਭਣੇ ਦਰਬਾਰੀ, ਬਾਝਹੁ ਦਰਸ ਤੁਮਾਰੇ ॥ ੭੮ ॥
ਅਸਾਂ ਉਮੀਦ ਨਾਂਹੀ ਸੀ ਏਡੀ, ਜੁ ਸਾਨੂੰ ਮਨਹੁ ਵਿਸਾਰੇ ।
ਪਤਿਤ ਉਧਾਰਨੁ ਨਾਮੁ ਸੁਣਿਆ ਸੀ, ਤਾਂ ਪਇਆ ਮੈਂ ਖਿਆਲਿ ਤੁਮਾਰੇ ।
ਕਿਨੈ ਆਦਿ ਚਿਤਾਰਿਆ ਕਿਨੈ ਅੰਤਿ ਚਿਤਾਰਿਆ, ਕਦਿ ਮੈਂ ਜੇਹੇ ਤਾਰੇ ।
ਨਾਨਕ ਪੰਥੀ ਭਣੇ ਦਰਬਾਰੀ, ਅਸੀ ਪਾਹਨ ਕੋਲਹੁ[1] ਭਾਰੇ ॥ ੭੯ ॥
ਅਸਾਂ ਅਠੇ ਪਹਿਰਿ ਉਡੀਕ ਤੁਸਾਡੀ, ਅਉਰ ਨ ਮੁਝ ਕੁਝੁ ਸੁੱਝੇ ।
ਮੁਖ ਮਹਿ ਮੁਝੇ[2] ਕਹਾਣੀ ਤੇਰੀ, ਵਿਚਿ ਵਸਦੈ ਮਨ ਦੇ ਗੁੱਝੇ[3] ।
ਡਿਠੈ ਬਾਝੁ ਅਰਾਮੁ ਨ ਆਵੈ, ਤ੍ਰਿਸਨਾ ਮੂਲ ਨ ਬੁੱਝੇ ।
ਨਾਨਕ ਪੰਥੀ ਭਣੈ ਦਰਬਾਰੀ, ਸਰਮ[4] ਅਸਾਡੀ ਤੁਝੇ ॥ ੮੦ ॥
ਬੇ ਪਰਵਾਹੁ ਅਸਾਡਾ ਸਾਹਿਬੁ, ਹੋਰ ਸਭ ਪਰਵਾਹਿ ਰੰਞਾਣੀ[5] ।
ਹੋਰੁ ਨ ਬੇ ਪਰਵਾਹ ਸੁਣੀਦਾ, ਢੂੰਢਹੁ ਚਾਰੇ ਖਾਣੀ ।
ਸੁਭ ਅਸੁਭ ਦੋਵੇ ਪਰਵਾਹਾ, ਚਾਹਤਿ ਅਉਧ ਵਿਹਾਣੀ[6] ।
ਦਰਬਾਰੀ ਦਾਸਾ ਦਰਸ ਪਿਆਸਾ, ਆਖਹਿ ਅਕਥ ਕਹਾਣੀ ॥ ੮੧ ॥
ਉਦਰ ਚਾਹਿ[7] ਚਹੁ ਖਾਣੀ ਅੰਦਰਿ, ਭੋਗਾ ਚਾਹਿ ਪਰਾਣੀ ।
ਇਕਨਾ ਮਾਸੁ ਇਕਨਾ ਘਾਸੁ ਖਵਾਲੇ, ਇਕਨਾ ਦਾਣਾ ਪਾਣੀ ।
ਇਕਿ ਜਲ ਥਲ ਮਹੀਅਲਿ ਵਸਹਿ ਅਕਾਸੇ, ਇਕਿ ਮਾਟੀ ਜੂਨਿ ਸਮਾਣੀ ।
ਦਰਬਾਰੀ ਤਿਉਂ ਤਿਉਂ ਦੇ ਇ ਸਭਨਾ ਨੂੰ, ਜਿਉਂ ਜਿਉਂ ਪ੍ਰਭ ਨੂੰ ਭਾਣੀ ॥ ੮੨ ॥
ਪ੍ਰੇਮ ਪਿਆਲਾ ਪੀ ਤ੍ਰਿਪਤਾਣੇ, ਏ ਸਦਾ ਰਹਿਨ ਮਤਵਾਲੇ ।
ਖੁਦੀ[8] ਬਖੀਲੀ[9] ਤਿਨਾ ਤੁਟਾ ਦਾਵਾ, ਜਿਨਾ ਪੀਤੇ ਪ੍ਰੇਮ ਪਿਆਲੇ ।
ਏਹੇ ਜੇਹੇ ਜਗ ਵਿਚ ਵਿਰਲੇ, ਲਭਨ ਨਾਹਨ ਭਾਲੇ ।
ਨਾਨਕ ਪੰਥੀ ਭਣੇ ਦਰਬਾਰੀ, ਉਹ ਦੁਖ ਸੁਖ ਤੇ ਰਹਿਨ ਨਿਰਾਲੇ ॥ ੮੩ ॥
ਪ੍ਰੇਮ ਪ੍ਰਵਾਹੁ ਵਗਿਆ ਘਟਿ ਜੈਂਦੇ[10], ਤਿਸ ਦੀ ਥਾਹਿ[11] ਨ ਆਵੈ ।
ਗਿਆਨੁ ਧਿਆਨੁ ਡੂਬੇ ਜਿਸ ਮਾਹੀ, ਜੋਗ ਭਿ ਗੋਤੇ ਖਾਵੈ ।
ਨੇਮੁ ਨ ਖੇਮੁ[12] ਪ੍ਰੇਮੀ ਕੋ ਇੱਛਾ, ਇਕਤੈ ਲਿਵੈ ਵਿਹਾਵੈ ।
ਦਰਬਾਰੀ ਲੋਨੁ ਹੋਇ ਸਹੀ, ਸੋ ਪਵੈ ਲੋਨ ਕੈ ਖਾਵੈ[13] ॥ ੮੪ ॥
ਪ੍ਰੇਮ ਪਦਾਰਥੁ ਜਿਸੁ ਹਥਿ ਆਇਆ, ਸੋ ਸਾਹੁ ਵਡਾ ਧਨ ਵਾਲਾ ।
ਨਾ ਤਾਂ ਤਿਸ ਨੂੰ ਘਾਮ[14] ਬਿਆਪੇ, ਨਾ ਤਿਸੁ ਬਿਆਪੇ ਪਾਲਾ ।
ਸਭਨੀ ਰੁਤੀ ਇਕੋ ਜੇਹਾ, ਕਿਆ ਬੂਢਾ ਕਿਆ ਬਾਲਾ[15] ।

---

1. ਪੱਥਰ ਨਾਲੋਂ ਵੀ । 2. ਮੇਰੇ ਮੂੰਹ ਵਿਚ । 3. ਗੁਪਤ ਰੂਪ ਹੋ ਕੇ ਮਨ ਦੇ ਵਿਚ ਵਸਦਾ ਹੈ । 4. ਲੱਜਿਆ । 5. ਹੋਰ ਸਾਰੀ (ਸ੍ਰਿਸ਼ਟੀ) ਲੋੜ ਨੇ ਦੁਖੀ ਕੀਤੀ ਹੈ । 6. ਚੰਗੀਆਂ ਮਾੜੀਆਂ ਦੋਵੇਂ ਤਰ੍ਹਾਂ ਦੀਆਂ ਲੋੜਾਂ ਵਾਲੇ ਉਮਰ ਬਤੀਤ ਕਰਨਾ ਚਾਹੁੰਦੇ ਹਨ । 7. ਪੇਟ ਭਰਨ ਦੀ ਇੱਛਾ । 8. ਅਪਣੱਤ । 9. ਚੁਗਲੀ । 10. ਜਿਸ ਦੇ । 11. ਡੂੰਘਾਈ ਦਾ ਪਤਾ । 12. ਮੁਕਤੀ । 13. ਲੂਣ ਦੀ ਖਾਣ । 14. ਧੁੱਪ, ਗਰਮੀ । 15. ਬਾਲਕ

ਨਾਨਕ ਪੰਥੀ ਭਣੇ ਦਰਬਾਰੀ, ਜਿਸ ਪੀਤਾ ਪ੍ਰੇਮ ਪਿਆਲਾ ॥ ੮੫ ॥
ਜਿਸ ਨੇ ਪ੍ਰੇਮ ਸੁਰਾਹੀ[1] ਪੀਤੀ, ਤਿਸ ਕੀ ਸੁਣਹੁ ਕਹਾਣੀ ।
ਮਨ ਮਹਿ ਇਕੋ ਮੁਖ ਮਹਿ ਇਕੋ, ਪ੍ਰੇਮ ਕਥਾ ਮਨ ਭਾਣੀ ।
ਦਰਸਨ ਪ੍ਰੀਤਿ ਵਧੀ ਮਨ ਅੰਦਰਿ, ਤ੍ਰਿਖਾਵੰਤ ਜਿਉ ਪਾਣੀ ।
ਨਾਨਕ ਪੰਥੀ ਭਣੇ ਦਰਬਾਰੀ, ਏਹਾ ਪ੍ਰੇਮ ਨੀਸਾਣੀ ॥ ੮੬ ॥
ਪ੍ਰੇਮ ਸੁਰਾਹੀ ਜਿਨਾ ਲੈ ਪੀਤੀ, ਸੇ ਹੋਇ ਰਹੇ ਮਸਤਾਨੇ ।
ਸੋਈ ਸੁਘੜ ਸਿਆਣੇ ਸਾਧੂ, ਕਹਤੇ ਲੋਕ ਦਿਵਾਨੇ ।
ਜਪੁ ਤਪੁ ਸੰਜਮੁ ਨੇਮੁ ਧਰਮੁ ਸਭੁ, ਪ੍ਰੇਮੀ ਕਛੂ ਨਾ ਮਾਨੇ ।
ਦਰਬਾਰੀ ਪ੍ਰੇਮੀ ਅਡਿ ਨ ਵੇਖੇ, ਜਿਉ ਤੀਰੰਦਾਜ਼ ਨੀਸਾਨੇ[2] ॥ ੮੭ ॥
ਪ੍ਰੇਮੀ ਕੋ ਕੁਝੁ ਔਰੁ ਨ ਭਾਵੈ, ਬਾਝਹੁ ਪ੍ਰੇਮ ਕਹਾਨੀ ।
ਪ੍ਰੇਮੀ ਪ੍ਰੇਮ ਕਸਾਈਆ[3] ਅਖੀਂ, ਏਹਾ ਪ੍ਰੇਮ ਨੀਸਾਨੀ ।
ਸਾਈ ਪ੍ਰੀਤਿ ਪਿਆਰੀ ਪ੍ਰੇਮੀ, ਜੋ ਪ੍ਰੀਤਮ ਮਨ ਭਾਨੀ ।
ਨਾਨਕ ਪੰਥੀ ਭਣੇ ਦਰਬਾਰੀ, ਪ੍ਰੇਮੀ[4] ਪਰਮ ਧਿਆਨੀ ॥ ੮੮ ॥
ਲਿਖਿ ਲਿਖਿ ਚਿਤਿ[5] ਘਤੇ[6] ਬਹੁਤੇਰੇ, ਚਿਤਿ ਨ ਵਸਿਓ ਸੋਈ ।
ਰਹਿਣੀ ਬਾਝਹੁ ਕਹਿਣੀ ਕਹਿ ਕਹਿ, ਮੁਕਤਾ ਭਇਓ ਨ ਕੋਈ ।
ਏਕੁ ਜੁ ਅੱਖਰੁ ਪ੍ਰੇਮੁ ਕਹੀਦਾ, ਪੜ੍ਹੇ ਸੁ ਪੰਡਿਤ ਹੋਈ ।
ਦਰਬਾਰੀ ਨਤਰ[7] ਅਣਿਪੜ੍ਹ ਚੰਗਾ, ਜਿਨ ਗੁਰ ਮਿਲਿ ਹਉਮੈ ਖੋਈ ॥ ੮੯ ॥
ਪੜ੍ਹਨਾ ਗੁੜ੍ਹਨਾ ਜੀਭ ਸਵਾਰਣੁ, ਵਾਤੁ[8] ਪਵਿੱਤ੍ਰ ਹੋਵੈ ।
ਪੜੈ ਹੋਰੁ ਕੁਛੁ ਹੋਰੁ ਕਮਾਵੈ, ਸਗਲਾ ਪੜ੍ਹਨਾ ਖੋਵੇ[9] ।
ਧਰਮ ਰਾਇ ਜਬ ਲੇਖਾ ਮੰਗਗੁ, ਕਿਉ ਫਿਰਿ ਭਰਦਾ ਰੋਵੈ[10] ॥
ਦਰਬਾਰੀ ਲਾਜ ਬਿਰਦ ਦੀ ਪਾਲੈ, ਤਾ ਢੰਗੀ ਬੇੜਾ ਢੋਵੈ[11] ॥ ੯੦ ॥
ਜੇ ਤੂ ਕਰਤਾ ਅਸੀਂ ਕੀਤੇ ਤੇਰੇ, ਤੂ ਦਾਤਾ ਅਸੀਂ ਭਿਖਾਰੀ ।
ਤੂੰ ਪ੍ਰਤਿਪਾਲਕੁ ਅਸੀ ਬਾਲਕੁ ਤੇਰੇ, ਤੂੰ ਪਿਤਾ ਮਹਿਤਾਰੀ[12] ।
ਜੇ ਤੂ ਕਰਣ ਕਰਾਵਣ ਹਾਰਾ, ਅਸਾਂ ਸਭਾ ਤੁਧੁ ਪੈ ਡਾਰੀ[13] ।
ਜੇ ਤੂ ਸਰਨਿ ਸੂਰੁ[14] ਭਗਵਾਨਾ, ਤਾਂ ਸਰਨਿ ਪਇਆ ਦਰਬਾਰੀ ॥ ੯੧ ॥
ਅਸੀਂ ਜੰਤ੍ਰ[15] ਤੂੰ ਜੰਤ੍ਰ-ਧਾਰੀ[16], ਅਸੀਂ ਵਜਾਏ ਤੇਰੇ ਵਜਦੇ ।
ਜੇ ਤੂੰ ਆਦਿ ਪੁਰਖੁ ਅਪਰੰਪੁਰੁ, ਅਸੀਂ ਭਿ ਸੇਵਕ ਨਾਹੀ ਅਜ ਦੇ ।
ਅਸੀਂ ਖਾਨਾ-ਜਾਦ[17] ਗੁਲਾਮ ਤੁਸਾਡੇ, ਤੁਸੀਂ ਆਪੇ ਪੜਦੇ ਕਜਦੇ ।

---

1. ਝੱਜਰ । 2. ਜਿਵੇਂ ਤੀਰ ਚਲਾਉਣ ਵਾਲਾ ਨਿਸ਼ਾਨੇ ਵਲ ਵੇਖਦਾ ਹੈ । 3. ਪ੍ਰੇਮ ਵਿਚ ਕਸੀਆਂ ਗਈਆਂ । 4. ਵੱਡਾ । 5. ਚਿਤ੍ਰ (ਤਸਵੀਰਾਂ) । 6. ਭੇਜੇ, ਘੱਲੇ । 7. ਨਹੀਂ ਤਾਂ । 8. ਮੁਖ, ਮੂੰਹ । 9. ਗਵਾ ਲੈਂਦਾ ਹੈ । 10. ਫੇਰ ਕਰਮਾਂ ਦਾ ਫਲ ਭੁਗਤਦਾ ਕਿਉਂ ਰੋਂਦਾ ਹੈ । 11. ਇਸ ਢੰਗ ਨਾਲ ਜ਼ਿੰਦਗੀ ਦਾ ਬੇੜਾ (ਕਿਨਾਰੇ ਤੇ) ਪਹੁੰਚ ਜਾਂਦਾ ਹੈ । 12. ਮਾਤਾ । 13. ਸਾਰੀ ਗੱਲ ਤੁਹਾਡੇ ਤੇ ਸੁੱਟ ਦਿੱਤੀ ਹੈ । 14. ਸ਼ਰਨ ਆਇਆਂ ਦੀ ਰਾਖੀ ਕਰਨ ਵਾਲਾ ਸੂਰਮਾ ਹੈ । 15. ਵਾਜੇ । 16. ਵਜੰਤ੍ਰੀ । 17. ਘਰ ਜੰਮੇ ।

ਨਾਨਕ ਪੰਥੀ ਭਣੇ ਦਰਬਾਰੀ, ਅਸੀਂ ਅਹਿਨਿਸ[1] ਤੈਨੂੰ ਭਜਦੇ ॥ ੯੨ ॥
ਜੇ ਤੂੰ ਦਾਤਾ ਪੁਰਖੁ ਬਿਧਾਤਾ, ਅਸੀਂ ਜਾਚਕ[2] ਤੇਰੇ ਘਰਿ ਦੇ ।
ਜੇ ਤੂ ਗੁਣੀ ਅਥਾਹੁ ਸਮੁੰਦਰ ਅਸੀਂ ਪੂਰੇ ਏਸੇ ਸਰਿ ਦੇ[3] ।
ਅਸੀਂ ਆਦਿ ਜੁਗਾਦੀ ਸੇਵਕ ਤੇਰੇ, ਪਰੁ ਬੇ ਪਰਵਾਹੀਅਹੁ ਡਰਦੇ ।
ਨਾਨਕ ਪੰਥੀ ਭਣੇ ਦਰਬਾਰੀ, ਅਸੀਂ ਡਰਦੇ ਸਾਸੁ ਨ ਭਰਿਦੇ[4] ॥ ੯੩ ॥
ਝਗੜਾ ਏਕੁ ਨਬੇੜਹੁ ਰਾਮਾ, ਨਿਆਉਂ ਕਰਿ ਦੇਹੁ ਬਰਾ ਖੁਦਾਈ[5] ।
ਤੇਰੋ ਝਗੜਾ ਤੂਹੀ ਨਿਬੇੜੂ, ਏਹਿ ਗਲ ਤੇਰੇ ਗਲਿ ਪਾਈ ।
ਮੈ ਮਹਾ ਪਤਿਤ ਤੂ ਪਤਿਤ ਉਧਾਰਨੂ, ਤਾਂ ਕਿਉਂ ਢਿਲ ਲਗਾਈ ।
ਪਤਿਤ ਉਧਾਰਨ ਕਉਣ ਕਹੀਗਾ, ਜੇ ਦਰਬਾਰੀ ਰਹਿਆ ਇਥਾਂਈ ॥ ੯੪ ॥
ਦਿਲਿਬੁਰ[6] ਦਾ ਦਿਲਿ ਮਾਹਿ ਠਿਕਾਣਾ, ਹੋਰੁ ਨ ਤਹਾ ਸਮਾਵੈ ।
ਅਖੀਂ ਮਹਿ ਦਿਲਿਬੁਰ ਦੀ ਰੱਖੀ[7], ਅਉਰ ਨ ਨਜ਼ਰੀ ਆਵੈ ।
ਕੰਨਾ ਮਹਿ ਦਿਲਿਬੁਰ ਦਾ ਠਾਣਾ[8], ਔਰੁ ਨ ਸੁਣਨਾ ਪਾਵੈ ।
ਦਰਬਾਰੀ ਦਿਲਿਬੁਰ ਦਾ ਮੁਖਿ ਮਹਿ ਬਾਸਾ, ਸੁਪਨੇ ਭੀ ਜਸੁ ਗਾਵੈ ॥ ੯੫ ॥
ਏਨੀ ਅਖੀ ਦਿੱਸਿ ਨ ਆਵੈ, ਦਿਲਿਬੁਰ ਦਿਲਿ ਹੀ ਮਾਹੀਂ ।
ਸਭਨੀ ਸੇਜੀਂ ਰਵਿਆ ਸੁਣੀਏ, ਕੋਈ ਖਤਾ ਅਸਾਂਹੀਂ[9] ॥
ਡਿਠੇ ਬਾਝੁ ਆਰਾਮੁ ਨ ਆਵੈ, ਤ੍ਰਿਸਨਾ ਮਿਟਦੀ ਨਾਹੀ ।
ਨਾਨਕ ਪੰਥੀ ਭਣੇ ਦਰਬਾਰੀ, ਸੁਣਹੁ ਅਸਾਡੀਆ ਹਾਂਹੀਂ[10] ॥ ੯੬ ॥
ਅਖੀਂ ਡਿਠੋ ਨਾਂਹਿ ਕਦੇਹੀ, ਅਸਾਂ ਸੁਣਿ ਸੁਣਿ ਫੁਲਿ ਫੁਲਿ ਬਹਿੰਦੇ ।
ਰੂਪ ਨ ਰੇਖਿਆ[11] ਰੰਗੁ ਨ ਕੋਈ, ਨੇਤਿ ਨੇਤਿ ਸਭ ਕਹਿੰਦੇ ।
ਕੋਈ ਮਰਮੁ[12] ਨ ਪਾਵੈ ਉਸਦਾ, ਕੁਦਰਤਿ ਤੇ ਜਨ ਲਹਿੰਦੇ[13] ।
ਦਰਬਾਰੀ ਨਾਉਂ ਲਈਂ ਤਾਂ ਜੀਵਾਂ, ਦੁਖ ਜਮ ਦੂਰਹੁ ਤਹਿੰਦੇ[14] ॥ ੯੭ ॥
ਦਿਲਿ ਦੇ ਅੰਦਰਿ ਦਿਲਿਬੁਰੁ ਰਹਿੰਦਾ, ਕਹਿੰਦੇ ਸਾਧ ਸਿਆਣੇ ।
ਕੰਨੀ ਸੁਣਿ ਸੁਣਿ ਸਭੇ ਸਲਾਹਨਿ, ਵਿਰਲਾ ਕੋਈ ਜਾਣੇ ।
ਜਿਨ੍ਹਾ ਜਾਤਾ ਸੇ ਤਿਸੁ ਹੀ ਜੇਹੇ, ਸੋਈ ਪ੍ਰਭ ਨੂੰ ਭਾਣੇ ।
ਦਰਬਾਰੀ ਕਰਹੁ ਪਛਾਣ ਤਿਨ੍ਹਾ ਦੀ, ਮਤੁ ਤੁਧੁ ਪੀਉ ਪਛਾਣੇ ॥ ੯੮ ॥
ਦਿਲਿ ਦੇ ਅੰਦਰਿ ਦਿਲਿਬੁਰੁ ਵਸਦਾ, ਅਸਾਂ ਨਾਂ ਅਖੀਂ ਡਿਠਾ ।
ਜੋ ਦਿਲਿਬੁਰ ਦੀ ਗੱਲ ਸੁਣਾਵੈ, ਸਾਨੂੰ ਲਗਦਾ ਮਿੱਠਾ ।
ਜਿਨ੍ਹਾ ਦਿਲਿਬੁਰ ਸਿਉ ਬਣਿ ਆਈ, ਦੋਇ ਚਲੇ ਜਮ ਪਿੱਠਾ[15] ।

---

1. ਰਾਤ ਦਿਨ । 2. ਮੰਗਤੇ । 3. ਇਸੇ ਸਰ (ਸਮੁੰਦਰ) ਦੇ ਪੂਰੇ (ਜਲ ਦੇ ਕੀੜੇ) ਹਾਂ । 4. ਸਾਹ ਨਹੀਂ ਲੈਂਦੇ । 5. ਖੁਦਾ ਵਾਸਤੇ । 6. ਦਿਲ ਹੀ ਬੁਰਦਨ (ਲੈ ਜਾਣ ਵਾਲਾ) ਭਾਵ ਪਿਆਰਾ । 7. ਪਿਆਰੇ ਦੀ (ਤਸਵੀਰ ਵਸਾ) ਰਖੀ ਹੈ । 8. ਠਿਕਾਣਾ । 9. ਕੋਈ ਭੁਲ ਸਾਡੇ ਵਿਚ ਹੀ ਹੈ । 10. ਹੈ ਹੈ ਦੀ ਧੁਨਿ, ਵਿਰਲਾਪ । 11. ਹੱਥ ਪੈਰ ਆਦਿ ਦੀਆਂ ਲੀਕਾਂ । 12. ਭੇਤ । 13. ਲਖਦੇ, ਜਾਣਦੇ । 14. ਤ੍ਰਹਕਦੇ, ਡਰਦੇ । 15. ਜਮ ਨੂੰ ਪਿੱਠ ਦੇ ਚੱਲੇ ਹਨ ।

ਨਾਨਕ ਪੰਥੀ ਭਣੇ ਦਰਬਾਰੀ, ਇਹੁ ਦਿਲਿਬੁਰ ਦਾ ਚਿੱਠਾ[1] ॥ ੯੯ ॥
ਦਿਲ ਦੀ ਘੁੰਡੀ ਖੋਲੀ ਬਾਝਹੁ, ਦਿਲਿਬੁਰੁ ਕਿਵੈ ਨ ਪਾਈਐ ।
ਭਾਵੇ ਜਪ ਤਪ ਬਰਤ ਇਕਾਦਿਸ਼, ਅਠਿਸਠਿ ਤੀਰਥ ਨਾਈਐ ।
ਜਾਇ ਕਿਦਾਰ, ਬਨਾਰਸ, ਗੰਗਾ ਕਾਂਸੀ, ਸਿਰ ਕਰਵਤੁ ਧਰਾਈਐ ।*
ਨਾਨਕ ਪੰਥੀ ਭਣੇ ਦਰਬਾਰੀ, ਗੁਰ ਮਿਲਿ ਹਰਿ ਗੁਣ ਗਾਈਐ ॥ ੧੦੦ ॥
ਜੇ ਮੈਂ ਗੁਨਾਹੁ[2] ਬਹੁ ਐਬੀ[3] ਭਰਿਆ, ਤੂ ਦਰੀਆਉ ਰਹਮ ਦਾ[4] ਸਾਂਈ ।
ਜੇ ਮੈ ਤੇ ਵਿਗੜੀ ਤਾਂ ਤੁਸੀਂ ਸਵਾਰਹੁ, ਤੂ ਬਖਸ਼ਿੰਦੁ ਗੁਸਾਂਈ ।
ਅਸੀਂ ਪਤਿਤ ਤੂੰ ਪਤਿਤ ਉਧਾਰਨੁ, ਜਿਉ ਪਿਛੈ ਬਣਦੀ ਆਈ ।
ਦੁਹੀ ਧਿਰੀ ਬਿਧਿ ਪੁਗ ਰਹੀ ਹੈ[5], ਯਾ ਮੈ ਚਿੰਤ ਨ ਕਾਈ ।
ਦਰਬਾਰੀ ਜਪ ਕਿ ਬਣੀ ਬਿਧਿ ਤੇਰੀ, ਬਣਾਵਣ ਹਾਰ ਬਣਾਈ ॥ ੧੦੧ ॥
ਮਉਤਿ ਦੇ ਭਜਾਉਂ ਧਉਲੇ[6], ਟੰਮਕ ਵਜਦੇ ਕਿੜਦੇ[7] ।
ਕਾਇਰ ਹੋਇ ਮੁਏ ਸੇ ਜਗ ਵਿਚਿ, ਜੋ ਦੀਨ ਈਮਾਂਨਹੁ ਥਿੜਦੇ[8] ।
ਸੇਈ ਸੂਰੇ ਭਏ ਸਹੀਦਾ, ਜੋ ਪੰਜਾ[9] ਸੇਤੀ ਭਿੜਦੇ ।
ਦਰਬਾਰੀ ਦੀਨ ਈਮਾਨ ਮੁਏ ਜੋ, ਫੇਰਿ ਨ ਧਰ ਪਰ ਗਿੜਦੇ[10] ॥ ੧੦੨ ॥
ਵੱਜਨਿ ਟੰਮਕ[11] ਤੇ ਘੁਰਨ[12] ਨਗਾਰੇ, ਤੈ ਸਉਹਾਂ ਛੇੜੁ ਮਚਾਇਆ[13] ।
ਕਿੜੀ ਪਵੰਦੀ ਖੜਾ ਮੁਹਾਂਵਹਿ[14], ਸਮਝਹਿ ਨਹਿ ਸਮਝਾਇਆ ।
ਕੌਨੁ ਸਹਾਈ ਹੋਵਗੁ ਓਦਹੁ, ਜਾਂ ਹੋਵਗੁ ਆਇਆ ਆਇਆ[15] ।
ਦਰਬਾਰੀ ਠਾਣਾਂ ਲਿਆਉ ਸਗਤੇ ਦਾ[16], ਜਿਸ ਤੇ ਜਮ ਗਮੁ ਖਾਇਆ[17] ॥ ੧੦੩ ॥
ਪੰਜ ਮਹੀਂ[18] ਤੇ ਇਕੁ ਮਨੁ ਮਾਹੀ[19], ਪੰਜੇ ਹੈਂ ਹਰਿਆਈ[20] ।
ਪੈਖੜ[21] ਪਾਏ ਰਹਿਨਿ ਨ ਮੂਲੇ, ਖਾਵਨਿ ਖੇਤੁ ਅਜਾਂਈ ।
ਮਹੀਂ ਉਜਾੜੇ ਕੀਤੇ ਕੋਲਹੁ, ਮਾਹੀ ਲਹੇ ਸਜਾਂਈ ।
ਦਰਬਾਰੀ ਮਾਹੀ ਸਾਂਭਿ ਨ ਹੰਘੇ[22], ਤਾਂ ਤੇਰੀ ਪਨਹ[23] ਤਕਾਈ ॥ ੧੦੪ ॥
ਜਿੰਨ੍ਹਾ ਪ੍ਰੇਮ ਪਲੀਤਾ ਲਾਗਾ, ਕਦੇ ਨਾ ਡਿਠੇ ਖਿੜਦੇ ।
ਨਾ ਉਹੁ ਕਿਸੇ ਦੀ ਮਿੰਨਤਿ ਕਰਦੇ, ਨਾਹਿ ਕਿਸੀ ਸਉਂ ਭਿੜਦੇ ।

---

1. ਹਿਸਾਬ ਦੇ ਵੇਰਵੇ ਦਾ ਕਾਗਜ਼ । * ਭਾਈ ਦਰਬਾਰੀ ਨੇ ਹਰ ਥਾਂ 'ਦਿਲਿਬੁਰ' ਅਤੇ 'ਦਿਲਿ' ਸ਼ਬਦ ਬੰਨ੍ਹਿਆ ਹੈ ਅਸੀਂ ਇਨ੍ਹਾਂ ਸ਼ਬਦ-ਜੋੜਾਂ ਵਿਚ ਦਖ਼ਲ ਅੰਦਾਜ਼ੀ ਨਹੀਂ ਕੀਤੀ । ਭਾਵੇਂ ਸ਼ੁਧ ਰੂਪ ਦਿਲਬਰ ਤੇ ਦਿਲ ਹਨ । 2. ਗੁਨਾਹਾਂ ਨਾਲ ਭਰਿਆ । 3. ਗੁਨਾਹਾਂ ਨਾਲ । 4. ਕ੍ਰਿਪਾ ਦਾ ਦਰਿਆ ਭਾਵ ਬਹੁਤ ਕ੍ਰਿਪਾਲੂ । 5. ਦੋਹਾਂ ਧਿਰਾਂ ਵਲੋਂ ਬਿਧੀ (ਜੁਗਤ) (ਬਿਨਾ ਬਿਘਨ) ਨਿਭ ਰਹੀ ਹੈ । 6. 7. ਮਉਤ ਦੇ ਦੂਤ ਚਿੱਟੇ ਵਾਲ ਜਾਣੋ ਜੰਮ ਦੇ ਛੋਟੇ ਨਗਾਰੇ ਵਜਦੇ ਹਨ । 8. ਥਿੜਕਦੇ । 9. ਪੰਜਾਂ ਕਾਮਿ ਆਦਿਕਾਂ ਨਾਲ । 10. ਜੋ ਧਰਮ ਦੀ ਖਾਤਰ ਮਰਦੇ ਹਨ ਉਹ ਮੁੜ ਕੇ ਧਰਤੀ ਉਪਰ ਨਹੀਂ ਡਿਗਦੇ ਭਾਵ ਜੂਨਾਂ ਵਿਚ ਨਹੀਂ ਪੈਂਦੇ । 11. ਛੋਟੇ ਨਗਾਰੇ । 12. ਗੱਜਦੇ । 13. ਆਹਮੋ ਸਾਹਮਣੇ ਦਾ ਜੰਗ ਸ਼ੁਰੂ ਕਰਵਾਇਆ । 14. ਅਵਾਜ਼ਾਂ ਪੈਂਦੀਆਂ ਹਨ ਕਿ ਖੜ੍ਹਾ ਹੀ ਲੁਟਿਆ ਜਾ ਰਿਹਾ ਹੈ । 15. ਜਮ ਆ ਗਿਆ, ਜਮ ਆ ਗਿਆ । 16. ਸ਼ਕਤੀ ਵਾਲੇ ਪ੍ਰਮੇਸ਼ਰ ਭਗਤਾਂ ਦਾ ਇਕੱਠ । 17. ਜਿਸ ਤੋਂ ਜਮ ਭੈ ਖਾਂਦਾ ਹੈ । 18. ਮੱਝਾਂ (ਇੰਦ੍ਰੀਆਂ ਰੂਪ) । 19. ਮੱਝਾਂ ਚਾਰਨ ਵਾਲਾ ਛੇੜੂ । 20. ਹਰੀ ਖੇਤੀ ਖਾਣ ਵਾਲੇ ਪਸ਼ੂ ਵਰਗੀਆਂ ਅਮੋੜ ਹਨ । 21. ਪੈਰ ਜਕੜਨ ਦਾ ਬੰਧਨ । 22. ਸਕਦਾ । 23. ਓਟ ।

ਸਦਾ ਸੁਚੇਤ ਰਹਨਿ ਦਿਲ ਅੰਦਰਿ, ਵਾਂਗ ਭਜਾਂਉ ਕਿੜਦੇ[1] ।
ਦਰਬਾਰੀ ਸਾਂਗ ਬਿਰਹ ਦੀ[2] ਲਗੀ, ਹੂੰਗ[3] ਪਈ ਵਿਚਿ ਪਿੜਦੇ[4] ॥ ੧੦੫ ॥
ਤੂ ਪਾਕੀ ਨਾਂਈ ਪਾਕ ਬਿਧਾਤਾ, ਆਪੇ ਸਚਾ ਸੋਈ ।
ਆਦਿ ਜੁਗਾਦੀ ਹੋਂਦਾ ਆਇਆ, ਦੂਸਰੁ ਹੋਆ ਨ ਹੋਈ ।
ਆਪੇ ਦਾਤਾ ਪੁਰਖੁ ਬਿਧਾਤਾ, ਆਪੇ ਸਿਰਜੀ[5] ਗੋਈ[6] ।
ਨਾਨਕ ਪੰਥੀ ਕਹੈ ਦਰਬਾਰੀ, ਤਿਸੁ ਬਿਨ ਅਉਰੁ ਨ ਕੋਈ ॥ ੧੦੬ ॥
ਤੇਰਾ ਕੀਤਾ ਸਿਰਿ ਸਾਡੇ ਪਰਿ, ਹੁਕਮੁ ਤੁਸਾਡਾ ਭਾਵੈ ।
ਐਸੀ ਕ੍ਰਿਪਾ ਕਰਹੁ ਅਸਾਂ ਪਰ, ਬਾਹਰਿ ਕਦਮ ਨ ਚਾਵੈ[7] ।
ਮਨ ਮੇਰਾ ਤਉ ਚਰਨਾ ਮਾਂਹੀ, ਅਉਰ ਠਉਰ ਨਾਹੀ ਧਾਵੈ ।
ਨਾਨਕ ਪੰਥੀ ਜਨੁ ਦਰਬਾਰੀ, ਅਨਿਦਿਨੁ ਤੈਨੂੰ ਗਾਵੈ ॥ ੧੦੭ ॥
ਦੇਵਣਹਾਰੁ ਦਾਤਾਰੁ ਵਿਸਾਰਿਓ, ਦਿਤੇ ਸੋਂ ਲਪਟਾਇਆ ।
ਜਿਸਨੇ ਦੀਆ ਤਿਸ ਨੇ ਲੀਆ, ਇਸ ਕੇ ਹਾਥਿ ਕੀ ਆਇਆ ।
ਅੰਦਰਿ ਵੜਿ ਕੇ ਝੁਰਨੇ ਲਾਗਾ, ਸਮਝੇ ਨ ਸਮਝਾਇਆ ।
ਦਰਬਾਰੀ ਇਸ ਦੇ ਹਾਥ ਨਹੀ ਕਿਛੁ, ਆਪੇ ਰਉਲਾ ਪਾਇਆ ॥ ੧੦੮ ॥
ਇਹੁ ਅਨਾਥੁ ਇਸ ਹਾਥ ਨਹੀ ਕੁਛੁ, ਵਜਦਾ ਜੰਤੁ[8] ਵਜਾਇਆ ।
ਇਕਨਾ ਆਪੇ ਮਾਰਗ ਲਾਵੈ, ਇਕਿ ਉਝੜਿ ਪਾਇ ਮੁਹਾਇਆ[9] ॥
ਜੰਮਣ ਮਰਣਾ ਕਟਿ ਕਿਨਾ ਦਾ, ਚੌਰਾਸੀ ਇਕਿ ਭਵਾਇਆ ।
ਦਰਬਾਰੀ ਛੱਡੁ ਅਪਾਇਣ[10] ਏਥੇ, ਤੂ ਉਸਦਾ ਕਰਹਿ ਕਰਾਇਆ ॥ ੧੦੯ ॥
ਭਏ ਭਜਾਂਉ[11] ਧਉਲੇ ਜਰ ਦੇ, ਖਬਰਿ ਮਉਤਿ ਦੀ ਆਈ ।
ਅੱਜ ਕੇ ਕੱਲ ਤਈਆਰਾ ਤੇਰਾ, ਏਥੇ ਰਹਣ ਨ ਪਾਈ ।
ਸੰਗੀ ਅੰਗੀਕਾਰ[12] ਨ ਕੋਈ, ਮਾਇ ਬਾਪ ਨ ਭੈਣ ਨ ਭਾਈ।
ਨਾਨਕ ਪੰਥੀ ਕਹੈ ਦਰਬਾਰੀ, ਜਿੰਦੁ ਇਕੇਲੀ ਜਾਈ ॥ ੧੧੦ ॥
ਧਉਲੈ ਤੰਬੂ ਲਾਏ ਜਰ ਨੇ[13], ਆਇਆ ਹਮਲੀ ਹਮਲ਼.[14] ।
ਦਸਨ ਗਏ ਦਰਵਾਨ ਉਠਾਏ[15], ਗਈ ਜੁਆਨੀ ਕਮਲੀ ।
ਸੀਸ ਪੈਰ ਕਰ[16] ਕੰਪਨ ਲਾਗੇ, ਜਿਉ ਝੂਟੇ ਖਾਂਦੇ ਅਮਲੀ ।
ਦਰਬਾਰੀ ਜਪੁ ਤਪੁ ਕਉਣ ਕਰੈ ਤਦਿ, ਬਾਤਿ ਨ ਜਾਂਦੀ ਸਮਲੀ[17] ॥ ੧੧੧ ॥
ਜੁਆਨੀ ਜਪੁ ਤਪੁ ਜੁਹਦੁ ਨ ਘਾਲਿਆ,[18] ਬਾਲਪਨ ਅਗਿਆਨ ਗਵਾਇਆ ।
ਅਧਖੜੂ ਹੋਇਆ ਅਜੈ ਨਾ ਸਮਝੈ, ਬਹੁੜਿ ਬੁਢੇਪਾ ਆਇਆ ।

---

1. ਜੰਗ ਦੇ ਸੂਰਮਿਆਂ ਵਾਂਗ । 2. ਵਿਛੋੜੇ ਦੀ ਬਰਛੀ । 3. ਚੋਟ, ਸੱਟ । 4. ਜੰਗ ਭੂਮੀ ਦੇ ਵਿਚ । 5. ਪੈਦਾ ਕੀਤੀ । 6. ਲਯ ਕੀਤੀ, ਖਤਮ ਕੀਤੀ । 7. ਚੁੱਕੀਏ ਭਾਵ ਪੁਟੀਏ । 8. ਵਾਜਾ । 9. ਲੁਟਾਇਆ ਠਗਾਇਆ । 10. ਅਪਣੱਤ । 11. ਮੌਤ ਦੇ ਦੂਤ, ਬੁਢਾਪੇ ਦੇ । 12. ਸਹਾਇਕ । 13. ਬੁਢੇਪੇ ਨੇ ਚਿੱਟੇ (ਕੇਸ਼ਾਂ ਰੂਪ) ਤੰਬੂ ਲਾ ਲਏ । 14. ਹੋਲੀ ਹੋਲੀ । 15. ਦੰਦਾ ਰੂਪ ਦਰਵਾਨ ਉਠਾਏ ਗਏ । 16. ਹੱਥ । 17. ਗੱਲ ਸੰਭਾਲੀ ਨਹੀਂ ਜਾਂਦੀ ਭਾਵ ਜ਼ਬਾਨ ਥਥਲਾਉਂਦੀ ਹੈ । 18. ਸੰਸਾਰ ਦੇ ਸੁਖਾਂ ਤੇ ਰਸਾਂ ਦਾ ਤਿਆਗ ਨਾ ਕੀਤਾ ।

ਸਦੇ[1] ਸਦੁ[2] ਨ ਦੇਨਿ ਕੁਟੰਬੀ, ਝੁਰਿ ਝੁਰਿ ਬਹੁ ਦੁਖੁ ਪਾਇਆ ।
ਦਰਬਾਰੀ ਹਰਿ ਕੇ ਸਿਮਰਨਿ ਬਾਝਹੁ, ਲੋਕ ਪ੍ਰਲੋਕ ਗਵਾਇਆ ॥ ੧੧੨ ॥
ਗਈ ਜੁਆਨੀ ਢੂਢਣਿ ਲਗੇ, ਡੀਕਾਂ ਦੇਂਦੇ[3] ਰੋਵੈ ।
ਜੋ ਜੀਅ ਉਪਜੈ ਹੁਣਿ ਕਰਿ ਲੇਵਾਂ, ਜੇ ਉਹੁ ਜੁਆਨੀ ਹੋਵੈ ।
ਏਹੁ ਜੁਆਨੀ ਛਾਉ ਬਦਲ ਕੀ, ਮਤੁ ਇਤੁ ਭਰਵਾਸੈ ਖੋਵੈ ।
ਦਰਬਾਰੀ ਏਸਿ ਜੁਆਨੀ ਦੇ ਮੱਤੇ, ਥਾਂਇ ਗਵਾਏ ਦੋਵੈ[4] ॥ ੧੧੩ ॥
ਆਸ਼ਕ[5] ਆਪਿ ਮਾਸ਼ੂਕ[6] ਭਿ ਆਪੇ, ਆਸ਼ਕ ਹੋਇ ਆਪ ਸਮਾਣਾ ।
ਆਪੇ ਹੱਸੇ ਆਪੇ ਰੁੱਸੇ, ਆਪੇ ਕਰੇ ਧਿਙਾਣਾਂ[7] ।
ਆਪੇ ਸੇਜ ਰਸੁ ਰਸੀਆ ਆਪੇ, ਆਪੇ ਮਾਣੁ ਨਿਮਾਣਾ ।
ਦਰਬਾਰੀ ਵੇਖਿ ਵਿਗੱਸੇ[8] ਆਪੇ ਕਰਿ ਕਰਿ ਆਪਣਾ ਭਾਣਾ ॥ ੧੧੪ ॥
ਸੂਦਰ ਸਤਿਗੁਰ ਤੇ ਸੇਵਕ ਬਾਮਣ, ਏਹਿ ਕਲਿਜੁਗ ਰੀਤਿ ਚਲਾਈ ।
ਸੂਦਰ ਬੇਦ ਮੁਖਾਗਰ[9] ਗਾਵਨਿ, ਤੇ ਬਾਮਣ ਵਾਹਨਿ ਗਾਈ[10] ।
ਖੱਤ੍ਰੀ ਸਸਤ੍ਰ ਸਭ ਤਜਿ ਬੈਠੇ, ਹੋਏ ਤਕੜਿ[11] ਕਸਾਈ ।
ਦਰਬਾਰੀ ਦਾਸਾ ਤੂੰ ਵੇਖੁ ਤਮਾਸਾ, ਕਲਿਜੁਗ ਏਹਿ ਵਰਤਾਈ ॥ ੧੧੫ ॥
ਚਾਰੇ ਬਰਨ ਇਕਠੇ ਕੀਤੇ, ਬਰਨ ਸ਼ੰਕਰ[12] ਸਭ ਹੋਈ ।
ਅਸਤਿ ਵਿਸਿਤ[13] ਅਸਰਮ[14] ਭਿ ਹੋਏ, ਨੇਮੁ ਨ ਰਹਿਓ ਕੋਈ ।
ਵਡੇ ਵਡੇਰੇ ਕਹਨਿ ਕਹਾਵਨਿ, ਸਭਨਾ ਦੀ ਕਲ ਖੋਈ[15] ।
ਦਰਬਾਰੀ ਦਾਸਾ ਤੂੰ ਵੇਖ ਤਮਾਸਾ, ਹੋਣੀ ਸੀ ਸੋ ਹੋਈ ॥ ੧੧੬ ॥
ਕਲਿਜੁਗ ਰਹਨਿ ਨ ਦੇਗੁ ਕਿਸੇ ਦੀ, ਜੇਤੀ ਵਡਹੁ ਵਡੇਰੀ ।
ਖੰਨੀ ਖਾਂਦੇ ਤੇ ਖੰਨੀ ਟੰਗਦੇ[16], ਪਤਿ ਖੋਈ ਤਿਨਿ ਕੇਰੀ ।
ਜਗ ਵਿਚਿ ਕਹਨਿ ਕਹਾਵਨਿ ਜੇਤੇ, ਸਭ ਪਾਇ ਗਲਾਵੇ[17] ਫੇਰੀ ।
ਦਰਬਾਰੀ ਕਲਜੁਗ ਪਰਬਲ ਹੂਆ, ਕਿਉ ਰਹਿਸੀ ਪਤਿ ਤੇਰੀ ॥ ੧੧੭ ॥
ਜਿਸਿ ਜਾਤਿ ਵਿਚਿ ਰਾਜਾ ਹੋਵੇ, ਸਾ ਕਰਤੂਤਿ ਚਲਾਂਏ ।
ਕਲਜੁਗ ਉਚੇ ਨੀਵੇ ਕੀਤੇ, ਨੀਚ ਊਚ ਠਹਿਰਾਏ ।
ਵਡੇ ਵਡੇ ਸਭ ਹੇਠੇ ਕੀਤੇ, ਹੇਠੇ ਸੇ ਵਡੀਆਏ ।
ਦਰਬਾਹੀ ਕਲਜੁਗ ਦੇ ਵਰਤਾਰੇ, ਉਲਟਿ ਪੁਲਟਿ ਦਿਖਲਾਏ ॥ ੧੧੮ ॥
ਕਾਲ ਕੂਠੁ[18] ਕਲਜੁਗ ਸਭ ਕੀਤੀ, ਸਭ ਜਗ ਭ੍ਰਮਿ ਭੁਲਾਇਆ ।

---

1. ਬੁਲਾਇਆ । 2. ਆਵਾਜ । 3. ਹਟਕੋਰੇ ਦੇ ਦੇ ਕੇ । 4. ਦੋਵੇਂ ਲੋਕ ਤੇ ਪ੍ਰਲੋਕ । 5. ਪ੍ਰੇਮੀ । 6. ਜਿਸ ਨਾਲ ਪ੍ਰੇਮ ਕੀਤਾ ਜਾਵੇ, ਪ੍ਰੇਮ-ਪਾਤ੍ਰ । 7. ਜ਼ਬਰਦਸਤੀ, ਧਿੰਗੋਜ਼ੋਰੀ । 8. ਖਿੜਦਾ ਹੈ, ਖੁਸ਼ ਹੁੰਦਾ ਹੈ । 9. ਕੰਠੋਂ, ਮੂੰਹ ਜ਼ਬਾਨੀ । 10. ਗਊਆਂ (ਨਾਲ ਹਲ) ਵਾਹੁੰਦੇ ਹਨ । 11. ਤਾਕਤਵਰ, ਜੋਰਾਵਰ । 12. ਚਾਰ ਵਰਣਾਂ ਦੇ ਇਸਤ੍ਰੀ ਪੁਰਖਾਂ ਦੇ ਪਰਸਪਰ ਮੇਲ ਤੋਂ ਪੈਦਾ ਹੋਈ ਸੰਤਾਨ । 13. ਉਲਟ ਪੁਲਟ । 14. ਚਾਰੇ ਆਸ੍ਰਮ, ਬ੍ਰਹਮ-ਚਰਯ, ਗ੍ਰਹਸਥ, ਵਾਨ-ਪ੍ਰਸਤ, ਸੰਨਿਆਸ । 15. ਸ਼ਕਤੀ ਖਤਮ ਹੋ ਗਈ । 16. ਭਾਵ ਹੰਕਾਰੀ । 17. ਗਲ ਬੰਧਨ, ਤੌਕ, ਗਲ ਚ ਰੱਸੀ । 18. ਭੈੜੀ ਦਸ਼ਾ [ਕਾਲ-ਸਮਾਂ, ਦਸ਼ਾ, ਕੂਠੁ-ਨਿੰਦਤ, ਭੈੜੀ] ।

ਰਾਮ ਨਾਮ ਕਾ ਰਾਹੁ ਛਡਾਇਆ, ਸਭੇ ਕੁਮਾਰਗ ਲਾਇਆ ।
ਦੇਵਣਹਾਰੁ ਵਿਸਾਰ ਦਯੋ ਹੈ, ਕਰਦੇ ਮਾਇਆ ਮਾਇਆ ।
ਦਰਬਾਰੀ ਰੱਜਿ ਨ ਕੋਈ ਚਲਿਆ, ਸਭ ਕੋ ਗਇਆ ਤਿਹਾਇਆ ॥ ੧੧੯ ॥
ਸਭੁ ਜਹਾਨੁ ਜਾਂ ਕਲਜੁਗ ਮੁੱਠਾ[1], ਤਾ ਕਉਣ ਹਵਾਲੁ ਹਮਾਰਾ ।
ਜਤੀ ਸਤੀ ਸੰਨਿਆਸੀ ਮੁਠੇ, ਤੂ ਕਹੁ ਕਉਣੁ ਵਿਚਾਰਾ ।
ਬਾਰਹ ਪੰਥ[2] ਦਿਗੰਬਰ[3] ਭੂਲੇ, ਕੀਕਹੁ[4] ਮਾਣ ਤੁਮਾਰਾ ।
ਦਰਬਾਰੀ ਪਾਂਡੋ ਗਲੇ ਹਿਵੰਚਲ,[5] ਤੂੰ ਕਿਸ ਦਾ ਪਾਣੀ ਹਾਰਾ ॥ ੧੨੦ ॥
ਸਭਾ ਲੁੜਦੀ[6] ਜਾਂਦੀ ਦਿਸੈ, ਕਲਜੁਗ ਵਹਿਣੁ[7] ਵਹਾਇਆ ।
ਇਕੁ ਅਧੁ ਕੋ ਉਬਰੇ[8] ਸਾਧੂ, ਜਿਨਿ ਵਿਚਿ ਪੈਰੁ ਨ ਪਾਇਆ ।
ਰਾਮ ਨਾਮ ਕੀ ਬੇੜੀ ਚੜਿ ਕੇ, ਪਰਲੇ ਪਾਰ ਸਿਧਾਇਆ[9] ।
ਦਰਬਾਰੀ ਸੇ ਭੀ ਬੰਨੇ ਲਾਗੇ, ਜਿੰਨ੍ਹਾ ਸੰਗ ਉਨ੍ਹਾ ਦਾ ਪਾਇਆ ॥ ੧੨੧ ॥
ਸਭੁ ਜਗੁ ਮਾਇਆ ਜਲ ਮਹਿ ਡੂਬਾ, ਸਾਧ ਜਿਵੈ ਮੁਰਗਾਈ[10] ।
ਚਰਨ ਕਮਲ ਕਾ ਲਇਆ ਆਸਰਾ, ਡੁਬੇ ਨ ਕਉਲਾਂ ਨਿਆਈਂ ।
ਸੱਪ ਸਪੇਲੇ[11] ਰਹਨਿ ਇਕਠੇ, ਬਿਖੁ ਨ ਨਦਰੀਂ ਆਈ ।
ਦਰਬਾਰੀ ਓਨ੍ਹਾ ਜੋਰ ਜਰੀਂਦਾ[12], ਗੁਰ ਮੰਤ੍ਰ ਬਿਖੂ ਜਲਾਈ ॥ ੧੨੨ ॥
ਖੰਨੀ ਖਾਦੇ ਤੇ ਖੰਨੀ ਟੰਗਦੇ,[13] ਸੇ ਕਲਜੁਗ ਅੱਗੇ ਹਾਰੇ ।
ਨਾ ਬੱਧੀ[14] ਵਲੀ[15] ਕਿਸੇ ਦੀ ਜਾਣਨਿ, ਸੇ ਕਲਜੁਗ ਚੁਗ ਚੁਗ ਮਾਰੇ ।
ਜੋ ਅਸਮਾਨ ਨ ਮਾਵਨਿ[16] ਉਚੇ, ਸੇ ਕਲਜੁਗ ਭੁਇ ਡਾਰੇ ।
ਦਰਬਾਰੀ ਵਡੀ ਵਡੇਰੀ ਹਾਰੀ, ਅਸੀਂ ਕਉਣ ਗਰੀਬ ਬਿਚਾਰੇ ॥ ੧੨੩ ॥
ਚਾਰੇ ਬਰਨ ਇਕੱਠੇ ਕੀਤੇ, ਸੁਚ ਨ ਰਹੀਆ ਕਾਈ ।
ਸੰਕਰ ਬਰਨ[17] ਭਈ ਸਭ ਦੁਨੀਆ, ਜਪੁ ਤਪੁ ਪੂਜ ਗਵਾਈ ।
ਪੱਖਾ ਪੱਖੀ[18] ਵਿਚਿ ਸੜਿ ਸੜਿ ਮਰਦੇ, ਘਰਿ ਘਰਿ ਭਏ ਖੁਦਾਈ ।
ਨੇਮੁ ਨ ਧਰਮੁ ਨ ਪ੍ਰੇਮੁ ਰਹਿਓ ਜਗ, ਕਲਜੁਗ ਸਭਿ ਡਹਿਕਾਈ[19] ।
ਨਾਨਕ ਪੰਥੀ ਭਣੇ ਦਰਬਾਰੀ, ਮੈ ਸੰਤਨ ਸਰਨਿ ਤਕਾਈ ॥ ੧੨੪ ॥
ਸਾਧ ਪੂਜਾ ਜਗ ਥੋੜੀ ਹੋਈ, ਪਖੰਡੁ ਪੂਜੇ ਸਭ ਕੋਈ ।
ਕੰਜਰ ਭੰਡ ਲੈਨਿ ਜਗ ਆਇਆ, ਨ ਬ੍ਰਹਮਣ ਮਿਲੈ ਰਸੋਈ ।
ਜਗ ਵਿਚਿ ਬੋਦੀ ਖੋਹਾ[20] ਵਰਤੇ, ਸਭਾ ਥੱਕ ਖਲੋਈ ।
ਨਾਨਕ ਪੰਥੀ ਭਣੇ ਦਰਬਾਰੀ, ਹੈ ਸੰਤ ਸਰਣਿ ਸੁਖੁ ਹੋਈ ॥ ੧੨੫ ॥

---

1. ਠੱਗਿਆ, ਲੁੱਟਿਆ । 2. ਜੋਗੀਆਂ ਦੇ ਬਾਰਾਂ ਪੰਥ । 3. ਨਾਂਗੇ । 4. ਕਿਸ ਤਰ੍ਹਾਂ । 5. ਹਿਮਾਲਾ ਪਹਾੜ ਵਿਚ । 6. ਰੁੜ੍ਹਦੀ । 7. ਜਲ ਦਾ ਪ੍ਰਵਾਹ, ਹੜ੍ਹ । 8. ਬਚ ਗਿਆ । 9. ਚਲਿਆ ਗਿਆ । 10. ਜਲ ਦਾ ਪੰਛੀ । 11. ਸੱਪ ਰੱਖਣ ਵਾਲਾ । 12. ਸਹਾਰਨ ਸ਼ਕਤੀ ਦਾ ਜ਼ੋਰ । 13. ਭਾਵ ਹੰਕਾਰੀ । 14. ਆਬਾਦ ਕੀਤੀ । 15. ਘੇਰੇ ਚ ਲਈ, ਕਬਜ਼ੇ ਚ ਕੀਤੀ । 16. ਮਿਉਂਦੇ ਨਹੀਂ ਸਨ । 17. ਚਾਰ ਵਰਣਾਂ ਦੇ ਇਸਤ੍ਰੀ ਪੁਰਖਾਂ ਦੇ ਪਰਸਪਰ ਮੇਲ ਤੋਂ ਪੈਦਾ ਹੋਈ ਸੰਤਾਨ । 18. ਧੜੇਬੰਦੀ । 19. ਭਟਕਾਈ ਹੈ । 20. ਖੋਹਾ ਖਿੰਜੀ, ਖੋਹਾ ਖਾਹੀ ।

ਸਤਿਜੁਗ ਦੋਸ ਰਸਤਾਲ[1] ਜਾਂਦਾ ਜੇ ਕੋ ਇਕੁ ਕਰੇ ਬੁਰਿਆਈ ।
ਤ੍ਰੇਤੇ ਜੇ ਕੋ ਪਾਪੁ ਕਮਾਵੇ, ਤਾ ਨਗਰੁ ਰਸਾਤਲ ਜਾਈ ।
ਦੁਆਪਰ ਪਾਪ ਇਕਸ ਦੇ ਕੀਤੇ, ਕੁਲ ਦੀ ਮੇਖ ਗਵਾਈ[2] ।
ਅਹਿ ਕਰੁ ਕਰੇ ਸੁ ਅਹਿ ਕਰੁ ਪਾਵੇ[3],
ਦਰਬਾਰੀ ਕਲਜੁਗ ਏਹਿ ਵਡਿਆਈ ॥ ੧੨੬ ॥
ਜਿਉ ਜਿਉ ਕਲਜੁਗ ਕਰੇ ਪਸਾਰਾ, ਤਿਉ ਤਿਉ ਅਹਿ ਮਨ ਧੜਕੇ ।
ਕਲਿਜੁਗ ਕਾਲ ਕੂਠੁ[4] ਸਭ ਕੀਤੀ, ਬਿਜਲੀ ਵਾਂਙੂ ਕੜਕੇ ।
ਨਾ ਏਹਿ ਜਿੰਦੜੀ ਮਰੇ ਨਾ ਜੀਵੇ, ਵਿਚਿ ਵਿਚਾਲੇ ਲੜਕੇ ।
ਦਰਬਾਰੀ ਕਲਜੁਗ ਅਗਨਿ ਸਵਾਈ, ਬਿਨੁ ਬਾਲੀ ਹੀ ਭੜਕੇ ॥ ੧੨੭ ॥
ਮੈਲੀ ਨਜਰਿ ਮਾਵਾਂ ਸੁਤ[5] ਦੇਖਨਿ, ਭੈਣਾਂ ਦੀ ਵਲਿ ਭਾਈ ।
ਪਸੂਆਂ ਵਾਂਙੂ ਵਰਤਣਿ ਹੋਸੀ, ਰਹਗੁ ਗਿਲਾਨ[6] ਨ ਕਾਈ ।
ਪੰਜਾਂ ਵਰਸਾਂ ਦੀ ਪਰਸੂਤਾ[7], ਏਹਿ ਕਲਜੁਗ ਰੀਤਿ ਚਲਾਈ ।
ਬੀਸ ਬਰਸ ਆਰਬਲਾ[8] ਹੋਸੀ, ਦਰਬਾਰੀ ਖਪਿ ਖਪਿ ਮਰਗੁ ਲੁਕਾਈ ॥ ੧੨੮ ॥
ਬੇ ਪਰਵਾਹੁ ਬਿਅੰਤਿ ਬਿਧਾਤਾ, ਜਿਸ ਨੂੰ ਤਿਲ ਨ ਤਮਾਈ[9] ।
ਆਪੇ ਥਾਪੇ[10] ਥਾਪਿ[11] ਉਥਾਪੇ[12], ਆਪੇ ਕਰੇ ਰਜਾਈ[13] ।
ਪੁੱਛ ਨ ਸਾਜੇ ਪੁੱਛ ਨ ਢਾਹੇ, ਜਾਂ ਕਉ ਕਾਣਿ ਨ ਕਾਈ ।
ਦਰਬਾਰੀ ਸਫਾ ਵਿਛਾਈ ਚੁਕੈ, ਪਲ ਮੈ ਹੋਰੁ ਵਿਛਾਈ ॥ ੧੨੯ ॥
ਰੀਤੇ ਭਰੇ ਭਰੇ ਸਖਨਾਵੈ[14], ਕੁਦਰਤਿ ਕਰਣੈਹਾਰਾ ।
ਤ੍ਰਿਣ ਤੇ ਮੇਰੁ[15] ਮੇਰੁ ਤੇ ਰਾਈ, ਕਰਤਿ ਨ ਲਾਗੈ ਬਾਰਾ[16] ।
ਰਾਵਹੁ ਰੰਕੁ[17] ਰੰਕ ਤੇ ਰਾਜਾ, ਕਉੜਾ ਮੀਠਾ ਮੀਠਾ ਖਾਰਾ ।
ਹਰਨੁ ਭਰਨੁ ਚਖ ਫੋਰੁ ਜਿਸਦਾ[18], ਦਰਬਾਰੀ ਬੇ ਸ਼ੁਮਾਰਾ[19] ॥ ੧੩੦ ॥
ਬੇ ਪਰਵਾਹੁ ਬਿਧਾਤਾ ਇਕੋ, ਹੋਰ ਸਭ ਪਰਵਾਹ ਰੰਵਾਣੀ[20] ।
ਅੰਨੁ ਛਾਡਿ ਕਰਿ ਦੂਧਹਿ ਲਾਗੇ, ਦੂਧੁ ਛੋਡਿ ਕਰਿ ਪਾਣੀ ।
ਬਸਤ੍ਰ ਛੋਡਿ ਬਿਭੂਤਿ ਹੰਢਾਈ[21], ਸੇਕਤਿ ਆਗਿ ਵਿਹਾਣੀ[22] ।
ਦਰਬਾਰੀ ਪਰਵਾਹਿ ਮਿਟਾਈ ਬਾਝਹੁ, ਮਿਟੈ ਨ ਆਵਣ ਜਾਣੀ ॥ ੧੩੧ ॥
ਬੇ ਪਰਵਾਹੁ ਬਿਧਾਤਾ ਇਕੋ, ਹੋਰੁ ਸਭ ਪਰਵਾਹਿ ਲਿਤਾੜੀ[23] ।

---

1. ਨਰਕ । 2. ਜੜ ਗਵਾਚ ਜਾਂਦੀ, ਭਾਵ ਕੁਲ ਨਾਸ ਹੋ ਜਾਂਦੀ । 3. ਇਸ ਹੱਥ ਨਾਲ ਕਰੇ ਤੇ ਇਸੇ ਹੱਥ ਪਾ ਲਵੇ । 4. ਭੈੜੀ ਦਸ਼ਾ । 5. ਪੁੱਤਰਾਂ (ਵਲ) । 6. ਘ੍ਰਿਣਾ, ਨਫਰਤ । 7. ਜਿਸ ਨੇ ਬੱਚਾ ਜੰਮਿਆ ਹੈ । 8. ਉਮਰ । 9. ਇੱਛਾ, ਤਮਾ, ਲਾਲਚ । 10. ਪੈਦਾ ਕਰਦਾ ਹੈ । 11. ਪਾਲਨਾ ਕਰਦਾ ਹੈ । 12. ਨਾਸ ਕਰਦਾ ਹੈ । 13. ਹੁਕਮ, ਆਗਿਆ । 14. ਖਾਲੀ ਭਰ ਦੇਂਦਾ ਹੈ ਤੇ ਭਰੇ ਖਾਲੀ ਕਰ ਦੇਂਦਾ ਹੈ । 15. ਕੱਖ ਤੋਂ ਸੁਮੇਰ ਪਰਬਤ । 16. ਦੇਰੀ । 17. ਰਾਜੇ ਤੋਂ ਕੰਗਾਲ । 18. ਖੋਹ ਲੈਣਾ ਤੇ ਦੇ ਦੇਣਾ ਜਿਸ ਤੇ ਅੱਖ ਦੇ ਇਸ਼ਾਰੇ ਨਾਲ ਹੁੰਦਾ ਹੈ । 19. ਅਣਗਿਣਤ (ਗੁਣਾ ਦਾ ਮਾਲਕ ਹੈ) । 20. ਲੋੜ ਦੀ ਦੁਖੀ ਕੀਤੀ ਹੋਈ । 21. ਸੁਆਹ ਮਲਦੇ ਰਹੇ । 22. ਅੱਗ ਸੇਕਦਿਆਂ ਭਾਵ ਧੂਣੀਆਂ ਤਾਪਦਿਆਂ (ਉਮਰ) ਲੰਘ ਗਈ । 23. ਲੋੜ ਦੇ ਅਧੀਨ ।

ਬੇ ਪਰਵਾਹਿ ਸਭੇ ਗਨੀ ਆਵਾ[1], ਪਰਵਾਹਿ ਬਨਾਈ ਮਾੜੀ[2] ।
ਜਿਨਾ ਪਰਵਾਹਿ ਤਿਆਗੀ ਮਨ ਤੇ, ਕੋ ਨਾਹਿ ਤਿਨ੍ਹਾ ਦਾ ਆੜੀ[3] ।
ਦਰਬਾਰੀ ਪੀਰ ਫਕੀਰ ਲਿਤਾੜੇ, ਤਾਂ ਕੁਦਰਤਿ ਕਉਣ ਅਸਾੜੀ ॥ ੧੩੨ ॥
ਜਿਨ ਪਰਵਾਹਿ ਮਿਟਾਈ ਮਨ ਤੇ, ਤਿਨਵ ਸਲੂਕ ਕਿਨੇਹਾ[4] ।
ਹਾਣ ਲਾਭ ਤਿਨਿ ਇਕੋ ਜੇਹੀ, ਸਮ ਕੰਚਨ ਅਰੁ ਲੋਹਾ ।
ਆਏ ਹਰਖੁ ਨ ਸੋਗੁ ਗਏ ਦਾ, ਦੋਹੀਂ ਭਏ ਬਿਦੇਹਾ ।
ਦਰਬਾਰੀ ਮਿਟੇ ਪਰਵਾਹਿ ਤੁਸਾਡੀ, ਤਿਨ ਸੌ ਕਰਹੁ ਸਨੇਹਾ[5] ॥ ੧੩੩ ॥
ਆਪਿ ਨ ਠਗਨਿ ਤੇ ਜਾਣਿ ਠਗਾਇਨਿ, ਠੱਗ ਪੰਜ ਜਿਨਿ ਠਗੇ ।
ਜਾ ਕੇ ਅੰਦਰਹੁ ਨਿਵਰੀ[6] ਤ੍ਰਿਸ਼ਨਾ, ਕਿਆ ਟੋਪੀ ਕਿਆ ਪਗੇ ।
ਵਾਂਙੁ ਸੁਮੇਰ ਨ ਡੋਲਨਿ ਹਲਨਿ, ਵਾਉ ਕਿਵੇਹੀ ਵੱਗੇ ।
ਦਰਬਾਰੀ ਪੈਰੀ ਪਾਹਿ ਤਿਨਾ ਦੀ, ਮਤੁ ਬੇੜੀ ਬੰਨੇ ਲੱਗੇ ॥ ੧੩੪ ॥
ਤੂ ਨਾਇਕ[7] ਹਮ ਪਾਇਕ[8] ਤੇਰੇ, ਤੂ ਲਾਇਕੰ ਹਮ ਖਾਇਕੁ[9] ।
ਹਮ ਗਾਇਕੁ[10] ਤੂ ਗੁਣੀ ਨਿਧਾਨਾ, ਤੂ ਪਿਤਾ ਹਮ ਸਾਇਕ[11] ।
ਤੂ ਖਲ ਘਾਇਕ ਸੰਤ ਉਪਾਇਕ[12], ਤੁ ਅਲੱਗੁ ਹਮ ਮਾਇਕ[13] ।
ਦਰਬਾਰੀ ਦਰਦਵੰਦ[14] ਦਰਿ ਤੇਰੇ, ਤੂੰ ਵੈਦੁ ਸਦਾ ਸੁਖ ਦਾਇਕੁ ॥ ੧੩੫ ॥
ਅਖੇ[15] ਅਸਾਂ ਉਹ ਅਖੀਂ ਨਾਹੀ[16], ਅਖੇ ਅਗੇ ਨਾਹੀ ਸੀਸਾ ।
ਅਖੇ ਅਸਾਂ ਕੁਛੁ ਅਕਲ ਭਿ ਨਾਹੀ, ਸੁਝੈ ਨ ਜਗਦੀਸਾ[17] ।
ਉਨੀ ਵਿਸਵੈ ਜਗਤੁ ਸੁਣੀਦਾ, ਹਰਿ ਪ੍ਰਭੁ ਬਿਸਵੈ ਬੀਸਾ[18] ।
ਦਰਬਾਰੀ ਜੋ ਜਨੁ ਹਰਿ ਗੁਣ ਗਾਵੈ, ਤਿਨ ਸੌ ਕੈਸੀ ਰੀਸਾ ॥ ੧੩੬ ॥
ਸਾਧਾ ਮਾਂਹਿ ਸਮਾਈ ਏਤੀ[19], ਅਜਰੁ ਜਰਨਿ ਰਹਨਿ ਅਜੁਰਦੇ[20] ।
ਅਖੀਂ ਵੇਖਨਿ ਮੁਖਹੁ ਨ ਆਖਨਿ, ਧੰਨ ਤਿਨਾ ਦੇ ਗੁਰਦੇ[21] ।
ਜੀਵਤਿ ਮਿਰਤਕ ਜੇਹੇ ਹੋਏ, ਦੁਖ ਸੁਖ ਕਦੇ ਨਾ ਫੁਰਦੇ ।
ਦਰਬਾਰੀ ਏਹੁ ਤਿਨਾ ਦੀ ਰਹਤਾ[22], ਜੋ ਬਖਸੇ ਹੋਏ ਧੁਰ ਦੇ ॥ ੧੩੭ ॥
ਧੰਨੁ ਕਮਾਈ ਸਾਧਹੁ ਕੇਰੀ, ਜੋ ਹੁੰਦੇ ਤਾਣ ਨਿਤਾਣੇ[23] ।

---

1. ਲੋੜ ਰਹਿਤ ਸਾਰੇ ਧਨਵਾਨਾਂ ਦੀ ਗਿਣਤੀ ਵਿਚ ਆਉਂਦੇ ਹਨ । 2. ਕੰਮਜ਼ੋਰ, ਨਿਰਧਨ । 3. ਬਰਾਬਰ ਦਾ । 4. ਤਿਨਾ ਦਾ ਵਰਤਾਉ ਕੇਹੋ ਜੇਹਾ ਹੈ । 5. ਪ੍ਰੇਮ, ਪਿਆਰ । 6. ਦੂਰ ਹੋਈ । 7. ਮਾਲਕ, ਸੁਆਮੀ । 8. ਦਾਸ, ਸੇਵਕ । 9. ਗਪੋੜੂ, ਖਾਊ । 10. ਤੇਰੇ ਗੁਣ ਗਾਉਣ ਵਾਲੇ । 11. ਪੁੱਤਰ । 12. ਤੂੰ ਮੂਰਖਾਂ (ਦੁਸ਼ਟਾਂ) ਨੂੰ ਨਾਸ ਕਰਨ ਵਾਲਾ, ਸੰਤਾਂ ਨੂੰ ਪੈਦਾ ਕਰਨ ਵਾਲਾ ਹੈ । 13. ਤੂੰ ਮਾਇਆ ਤੋਂ ਨਿਰਲੇਪ ਹੈਂ ਅਸੀਂ ਮਾਇਆ ਵਿਚ ਫਸੇ ਹੋਏ ਹਾਂ । 14. (ਅਸੀਂ) ਦਰਦ ਵਾਲੇ ਦੁਖੀ ਭਾਵ ਰੋਗੀ । 15. (ਅਸੀਂ) ਆਖਦੇ ਹਾਂ । 16. ਸਾਡੇ ਪਾਸ ਉਹ ਅੱਖਾਂ ਨਹੀਂ ਹਨ । 17. ਪ੍ਰਮੇਸ਼ਰ ਨਹੀਂ ਦਿਸਦਾ । 18. ਵੀਹ ਵਿਸਵੇ ਭਾਵ ਪੂਰਨ, ਮੁਕੰਮਲ । ਜਿਵੇਂ ਵੀਹ ਵਿਸਵਿਆਂ ਦਾ ਪੂਰਾ ਵਿੱਘਾ ਹੁੰਦਾ ਹੈ ਤਿਵੇਂ ਪ੍ਰਮੇਸ਼ਰ ਪੂਰਨ ਹੈ, ਦੁਨੀਆ ਉਨੀ ਵੀਸਵੇ ਭਾਵ ਅਪੂਰਨ ਹੈ । 19. ਇਤਨੀ ਸਹਾਰਨ ਸ਼ਕਤੀ । 20. ਦੁਖੀ ਰਹਿੰਦੇ ਹੋਏ ਨਾ ਸਹਾਰੀ ਜਾਣ ਵਾਲੀ ਔਖਿਆਈ ਨੂੰ ਸਹਾਰਦੇ ਹਨ । 21. ਸਹਿਣ ਸ਼ਕਤੀ ਦੇ ਗੁਣ । 22. ਰਹਣੀ । 23. ਬਲ ਦੇ ਹੁੰਦਿਆਂ ਨਿਰਬਲ ।

ਸਭਨਾ ਗੱਲਾਂ ਜੋਗ ਹੋਇ ਕੈ, ਤਜਿ ਮਾਣੁ ਫਿਰਨਿ ਨਿਮਾਣੇ ।
ਅਪਣਾ ਆਪੁ ਜਣਾਵਣਿ ਨਾਹੀ, ਚਲਣਿ ਪ੍ਰਭ ਕੇ ਭਾਣੈ ।
ਦਰਬਾਰੀ ਐਸਿਆ ਸਾਧਾਂ ਆਗੈ, ਲਛਮੀ ਜਲੁ ਭਰਿ ਆਣੈ[1] ॥ ੧੩੮ ॥
ਸਾਧ ਸੰਗੁ ਜਿਸੁ ਜਨ ਨੈ ਪਾਇਆ, ਤਿਸ ਕਾ ਲੇਖਾ ਛੂਟੇ[2] ।
ਸਾਧ ਸੰਗਿ ਜਿਨਾ ਹਰਿ ਹਰਿ ਜਪਿਆ, ਤਿਨ ਕੇ ਪਾਪ ਨਿਖੂਟੈ[3] ।
ਸਾਧ ਸੰਗੁ ਹਰਿ ਸਿਮਰੇ ਬਾਝਹੁ, ਮੁੰਞ ਜਿਵੇ[4] ਜਮ ਕੂਟੈ ।
ਦਰਬਾਰੀ ਸਾਧ ਸਮਾਗਮ ਬਾਝਹੁ, ਬਡੇ ਬਡੇ ਜਮ ਲੂਟੈ ॥ ੧੩੯ ॥
ਕਲਜੁਗ ਸਾਧ ਸਮਾਗਮ ਜੇਹਾ, ਔਰੁ ਨ ਜਪੁ ਤਪੁ ਕੋਈ ।
ਸਾਧ ਸੰਗਿ ਜਿਨ੍ਹਾ ਹਰਿ ਗੁਣ ਗਾਏ, ਤਿਨ ਜਨ ਕੀ ਗਤਿ ਹੋਈ ।
ਸਾਧ ਸੰਗ ਮਨੁ ਨਿਰਮਲ ਹੋਵੈ, ਸਗਲੀ ਦੁਰਮਤਿ ਖੋਈ ।
ਦਰਬਾਰੀ ਸੁਣਿ ਕੇ ਸੰਤਨ ਸੋਭਾ, ਸਾਧ ਸਰਣਿ ਪਇਓਈ ॥ ੧੪੦ ॥
ਸਾਧ ਸਲਾਹਿ[5] ਸਬਾ[6] ਹੀ ਕੀਚੈ, ਜਿਨ੍ਹਾਂ ਕਲਜੁਗ ਹਰਿ ਲਿਵ ਲਾਈ ।
ਲਬ ਲੋਭ ਅਹੰਕਾਰ ਤਜਿਓ ਨੈ, ਜਤੁ ਸਤੁ ਖਿਮਾ ਹੰਢਾਈ[7] ।
ਜਗ ਵਿਚਿ ਉਧੜਿ ਧੁੰਮੀ ਵਰਤੇ, ਉਹ ਸੀਤਲ ਸੁਤੇ[8] ਭਾਈ ।
ਦਰਬਾਰੀ ਤਿਨਾ ਸੰਤਾਂ ਥੋਂ ਸਦਕੈ ਕੀਤਾ, ਜਿਨ੍ਹਾ ਮਾਇਆ ਮੋਹ ਨ ਲਾਈ ॥ ੧੪੧ ॥
ਖਿਮਾ ਗਰੀਬੀ ਜਿਸੁ ਘਟਿ ਅੰਦਰਿ, ਮੁਖ ਤੇ ਹਰਿਜਸੁ ਗਾਵਨਿ ।
ਕਾਮੁ ਕ੍ਰੋਧ ਤਜਨਿ ਮਨ ਮਤਸਰ[9], ਏਕੋ ਨਾਮ ਧਿਆਵਨਿ ।
ਮਾਇਆ ਮੋਹੁ ਧ੍ਰੋਹ[10] ਤਜਿ ਭਾਗੇ, ਸਤੁ ਸੰਤੋਖੁ ਹੰਢਾਵਨਿ[11] ।
ਦਰਬਾਰੀ ਤਿਨਾ ਸੰਤਾ ਦਾ ਸਦਕਾ, ਪਾਪੀ ਭੀ ਤਰ ਜਾਵਨਿ ॥ ੧੪੨ ॥
ਬੁਧਿ ਬੰਦੂਕ ਫੜਾਈ ਸਤਿਗੁਰ, ਹਰਿ ਕੇ ਚਾਕਰ[12] ਲਾਏ ।
ਨਾਲੀ ਨਿਉਣੂ[13] ਕਰਮ ਸੁਭ ਕੁੰਦਾ[14], ਬੰਦ[15] ਬੰਦਗੀ ਪਾਏ ।
ਗਾਰ[16] ਗਰੀਬੀ ਗਜੁ[17] ਗੁਣ ਗਾਵਣੁ, ਅਕਲੀ[18] ਅੱਗਿ ਜਗਾਏ ।
ਸੀਲੁ ਸਾਜੁ[19] ਸੰਤੋਖੁ ਸਿੰਙ[20] ਲੈ, ਕ੍ਰਿਪਾ ਕਮਰ[21] ਲਗਾਏ ।
ਦੈਆ ਦਾਰੂ[22] ਸਿਵ[23] ਸੁੰਬਾ[24] ਦੀਆ, ਗੋਲੀ ਗਿਆਨ ਕਸਾਏ[25] ।
ਪ੍ਰੇਮ ਪਿਆਲਾ[26] ਜੁਗਤਿ ਜਾਮ ਕੀ[27], ਤੋਤਾ ਤਮਕਿ ਨਿਵਾਏ[28] ।

---

1. ਪਾਣੀ ਭਰ ਕੇ ਲਿਆਉਂਦੀ ਹੈ। 2. ਮੁੱਕ ਜਾਂਦਾ ਹੈ। 3. ਨਾਸ ਹੋ ਗਏ। 4. ਵਾਂਗ। 5. ਸਾਧਾਂ ਦੀ ਉਸਤਤਿ। 6. ਸਾਰੇ ਹੀ। 7. ਧਾਰਨ ਕੀਤੀ। 8. ਸੁਤੇ ਸਿੱਧ, ਸਹਜ ਸੁਭਾਵ। 9. ਈਰਖਾ। 10. ਧੋਖਾ, ਛਲ। 11. ਧਾਰਦੇ ਹਨ। 12. ਨੌਕਰ, ਸੇਵਕ। 13. ਨਿਮ੍ਰਤਾ ਦੀ ਨਾਲੀ। 14. ਬੰਦੂਕ ਦੀ ਪਿੱਠ ਜੋ ਲੱਕੜ ਦੀ ਹੁੰਦੀ ਹੈ। 15. ਬੰਨ੍ਹਣ। 16. ਕਿਲੇ ਦੀ ਖਾਈ। 17. ਬੰਦੂਕ ਕੱਸਣ ਜਾਂ ਸਾਫ ਕਰਨ ਦਾ ਸਰੀਆ। 18. ਅਕਲ ਦੀ ਅੱਗ। 19. ਹਥਿਆਰ, ਸੰਦ। 20. ਜੰਗੀ ਵਾਜਾ ਜੋ ਸਿੰਗ ਦਾ ਬਣਿਆ ਹੁੰਦਾ ਹੈ। 21. ਕਮਰਕਸਾ। 22. ਬਾਰੂਦ। 24. ਸ਼ਾਂਤੀ ਦਾ। 24. ਤੋਪ ਨੂੰ ਸਾਫ ਕਰਨ ਤੇ ਕਸਨ ਦਾ ਗਜ। 25. ਗਿਆਨ ਦੀ ਗੋਲੀ ਕਸੀ। 26. ਤੋੜੇਦਾਰ ਅਤੇ ਪੱਥਰ ਕਲਾ ਬੰਦੂਕ ਦਾ ਪਿਆਲੇ ਦੀ ਸ਼ਕਲ ਦਾ ਉਹ ਅਸਥਾਨ ਜਿਥੇ ਬਾਰੂਦ ਰੱਖੀਦਾ ਹੈ। 27. ਜੁਗਤੀ ਰੂਪ ਫਾਹੀ ਕੀਤੀ (ਜਾਮ ਕੀ=ਜਮ ਦੀ ਭਾਵ ਜਮ ਦਾ ਸਸ਼ਤ੍ਰ, ਫਾਹੀ। 28. ਗੁੱਸੇ ਨੂੰ ਘੱਟ ਕਰਨ ਰੂਪ ਘੋੜਾ ਦੱਬਿਆ।

ਸਿਸਿਤਿ ਧਿਆਨੁ ਧਰਿ ਵੈਰੀ ਸਾਧੇ, ਅਭੈ ਰਾਜੁ ਜਨੁ ਪਾਏ ।
ਦਰਬਾਰੀ ਭਗਤਿ ਅਲੂਫਾ[1] ਮਿਲਿਆ ਚਿਹਰਾ ਨਾਮੁ ਲਿਖਾਏ[2] ॥ ੧੪੩ ॥
ਬੇ ਪਰਵਾਹੁ ਸਿਰੰਦਾ[3] ਸਾਹਿਬੁ, ਜਿਸ ਦੇ ਤੁਲਿ ਨ ਕੋਈ ।
ਹੋਰੁ ਨ ਕੋਈ ਫੇਰਨਿ ਜੋਗਾ[4], ਜੋ ਕੁਛ ਕਰੈ ਸੁ ਹੋਈ ।
ਜੇ ਜਪ ਤਪ ਕਾ ਕੋਈ ਮਾਣੁ ਕਰੇਸੀ, ਸੋ ਦਰਿ ਲਹੇ ਨ ਢੋਈ[5] ।
ਦਰਬਾਰੀ ਜਰਾ ਕੁ ਮਾਣੁ ਕੀਤਾ ਸੀ, ਦੇਖਿ ਨਾਰਦ ਨਾਲਿ ਜੁ ਹੋਈ ॥ ੧੪੪ ॥
ਜਪ ਤਪ ਕਾ ਜੋ ਜੋਰੁ ਜਣਾਵੈ, ਸੋ ਪ੍ਰਭ ਕਉ ਮੂਲ ਨ ਭਾਵੈ ।
ਮੇਰ[6] ਵਿਚਹੁ ਚੁਣਿ ਚਾਵਲਿ ਕਢੇ, ਤੁਰਤੁ ਜਿਮੀ ਪਟਕਾਵੈ ।
ਜੋ ਕੁਛ ਕਰਨਾ ਸੋ ਆਪੇ ਕਰਸੀ, ਜੰਮਿਆ ਕਉਣੁ ਹਟਾਵੈ ।
ਦਰਬਾਰੀ ਤਿਸੈ ਸਰੀਕੁ ਨ ਕੋਈ, ਬੰਨੁ ਬਹੈ ਜੋ ਦਾਵੈ ॥ ੧੪੫ ॥
ਬੁਰਾ ਗੁਮਾਨੁ[7] ਦੇਖਹੁ ਕਰਿ ਕੋਈ, ਪਿਛਲੀ ਕਥਾ ਬੀਚਾਰੇ ।
ਗੁਮਾਨ ਗਵਾਇ ਦਏ ਬਹੁ ਲੋਕਾ, ਜੋ ਪ੍ਰਭ ਕਉ ਖਰੇ ਪਿਆਰੇ ।
ਕਰਿਕੈ ਜੁਹਦ[8] ਚਲੇ ਜਿਤ ਜੋਈ, ਕਰਿ ਗੁਮਾਨੁ ਫਿਰਿ ਹਾਰੇ ।
ਦਰਬਾਰੀ ਸੁਣਹੁ ਗਿਲਾਨ[9] ਗੁਮਾਨ ਦੀ, ਜੋ ਬੀਤੀ ਪਿਛਵਾਰੇ ॥ ੧੪੬ ॥
ਦੇਖਹੁ ਨਾਰਦ ਨਾਲਿ ਜੁ ਹੋਈ, ਮੁਹੁ ਬਾਂਦਰ ਦਾ ਲਾਇਆ ।
ਨਾਰਦ ਨਰ ਤੇ ਨਾਰੀ ਕੀਤੀ, ਸਠਿ ਸੁਤ[10] ਨਾਰਦ ਜਾਇਆ[11] ।
ਮੁਸਲਮਾਨਾ ਦੇ ਮਜਬ ਵਿਚ ਲਿਖਿਆ, ਨਾਉ ਸ਼ੈਤਾਨ ਧਰਾਇਆ ।
ਦਰਬਾਰੀ ਬੁਰਾ ਗੁਮਾਨੁ ਕਹੀਦਾ, ਇਕਿ ਰੰਚ[12] ਗੁਮਾਨੁ ਕਰਾਇਆ ॥ ੧੪੭ ॥
ਬੇ ਪਰਵਾਹੁ ਬਿਸੰਭਰੁ[13] ਡਾਢਾ, ਕਰਹੁ ਵਿਸਾਹੁ ਨ ਮਾਸਾ ।
ਮਹੰਮਦ ਜੇਹੇ ਯਾਰ ਖੁਦਾਈ[14], ਤਿਸੁ ਕਬਰ ਭੀੜੀ ਵਿਚਿ ਵਾਸਾ ।
ਜਾ ਜਮ ਜੇਹੇ ਜੋਧੇ ਸਿਰਿ ਵੈਰੀ, ਤੂ ਕਿਉ ਕਰਿ ਖਿਲਹਿ ਹਾਸਾ[15] ।
ਦਰਬਾਰੀ ਯਾਰਾਂ ਥੋਂ ਨ ਟਲਿਆ, ਤਿਸ ਦਾ ਕੀ ਭਰਵਾਸਾ ॥ ੧੪੮ ॥
ਸੇਖ ਸਾਬਰ, ਤਨ ਕੀੜੇ ਪਾਏ, ਜਕਰੀਆ[16] ਚਾਇ ਚੀਰਾਇਆ ।
ਸਮੱਸ ਤੌਰੇਜ਼[17] ਦੀ ਖੱਲ ਉਤਾਰੀ, ਸੂਲੀ ਮਨਸੂਰੁ ਚੜ੍ਹਾਇਆ ।
ਅਲੀ[18] ਚਿਥਾਇਆ ਪਰਬਤਿ ਕੋਲਹੁ, ਜੂਸਫੁ[19] ਹਟਿ ਵਿਕਾਇਆ ।
ਦਰਬਾਰੀ ਦਾਸਾ ਕੀ ਹਾਲ ਅਸਾਡਾ, ਸਿਲੇਮਾਨ[20] ਥੋਂ ਭੱਠੁ ਝੁਲਕਾਇਆ ॥ ੧੪੯ ॥

---

1. ਭਗਤੀ ਦਾ ਵਜ਼ੀਫ਼ਾ ਭਾਵ ਤਨਖਾਹ, ਤਲਬ । 2. ਨਾਮ ਦਾ ਚਿਹਰਾ ਲਿਖਾਇਆ ਜਿਵੇਂ ਨੌਕਰ ਰਹਿਣ ਸਮੇਂ ਸ਼ਰੀਰ ਦੇ ਚਿੰਨ੍ਹ ਚੱਕਰ ਲਿਖਾਈਦੇ ਹਨ । 3. ਪੈਦਾ ਕਰਨ ਵਾਲਾ । 4. (ਉਸ ਦੇ ਕੀਤੇ ਨੂੰ) ਬਦਲਨ ਦੀ ਸਮਰਥਾ ਵਾਲਾ । 5. ਆਸਰਾ । 6. ਸੁਮੇਰ ਪਰਬਤ । 7. ਹੰਕਾਰ । 8. ਤਪੱਸਿਆ । 9. ਘ੍ਰਿਣਾਯੋਗ ਕਾਰਵਾਈ । 10. 60 ਪੁੱਤ੍ਰ । 11. ਪੈਦਾ ਕੀਤੇ । 12. ਰਤੀ ਭਰ ਭਾਵ ਬਹੁਤ ਥੋੜਾ, ਕਿਨਕਾ ਮਾਤ੍ਰ । 13. ਜਗਤ ਨੂੰ ਭਰਨ (ਪਾਲਣ) ਵਾਲਾ । 14. ਖ਼ੁਦਾ ਦੇ ਯਾਰ । 15. ਹਾਸੇ ਨਾਲ ਖਿੜਦਾ ਹੈ । 16. ਇਕ ਪ੍ਰਸਿੱਧ ਪੈਗੰਬਰ । 17. ਸ਼ਮਸ ਤਬਰੇਜ਼, ਸੂਫੀ ਫਕੀਰ । 18. ਮੁਹੰਮਦ ਸਾਹਿਬ ਦਾ ਜਵਾਈ । 19. ਯੂਸਫ, ਯਾਕੂਬ ਦਾ ਪੁੱਤਰ ਤੇ ਇਬਰਾਹੀਮ ਦਾ ਪੜੋਤਾ । 20. ਯੋਰੋਸਲਮ ਦਾ ਇਸਰਾਈਲੀ ਵੰਸ਼ ਦਾ ਬਾਦਸ਼ਾਹ ।

ਪਾਂਡੋ ਸਖਾ ਸਹਾਈ ਜਿਨ ਕਾ, ਸੇ ਹੇਵੰਚਲ ਗਾਲੇ[1] ।
ਰਿਖਭਿ ਦੇਵ[2] ਸੀਤਾ ਅਰਧੰਗੀ[3], ਪਾਇ ਅਗਨਿ ਪਰਜਾਲੇ[4] ।
ਐਸੀ ਨਾਲਿ ਤਿਨਾ ਦੇ ਹੋਈ, ਹੋਰੁ ਘਾਲ ਕੋਈ ਕੀ ਘਾਲੇ ।
ਦੇਖੁ ਦਰਬਾਰੀ ਜਾਂ ਐਸੀ ਹੋਈ, ਤਾਂ ਹੋਰ ਕੋਈ ਕੀ ਭਾਲੇ ॥ ੧੫੦ ॥
ਸੀਤਾ ਸਿਰਿ ਮੇਹਣਾ ਖਟਿ ਦਿਤੋ[5], ਤੇ ਕੁਬਜਾ ਕੰਚਨੁ[6] ਕੀਤੀ ।
ਪੂਤਨਾ, ਗਨਕਾ, ਕੋਲੀ ਕੰਨਿਆ[7], ਏਹਿ ਪਾਵਨੁ ਕਰਿ ਲੀਤੀ ।
ਤਾਰਾ-ਲੋਚਣੀ[8] ਹਟਿ ਵਿਕਾਣੀ, ਭਰੀ ਸਖਣਾਇ ਕਰੇ, ਭਰਿ ਰੀਤੀ[9] ।
ਦਰਬਾਰੀ ਫਰੂ[10] ਨ ਉਸ ਦਾ ਕੋਈ, ਜੋ ਬੀਤਾਈ ਸੋ ਬੀਤੀ ॥ ੧੫੧ ॥
ਅੱਧਾ ਅੰਗੁ ਮੋਰਧੁਜ ਦਾ ਜੀਤਾ[11], ਸਿਰਿ ਕਰਵਤੁ ਧਰਾਇਆ ।
ਰੁਕਮਾਂ ਗਦਿ ਕਾ ਮਾਸੁ ਬਟੇਰੇ ਸੇਤੀ[12], ਤੱਕੜੀ ਪਾਇ ਜੁਖਾਇਆ ।
ਹਰੀ ਚੰਦੁ ਰਾਜਾ ਸਣੁ[13] ਰਾਣੀ, ਜਾਇ ਬਜਾਰ ਬਿਕਾਇਆ ।
ਦਧੀਚ ਰਾਜੇ ਦੇ ਹਡਿ ਕਢਾਏ, ਗਊਆ ਥੋਂ ਮਾਸੁ ਚਟਾਇਆ ।
ਦਰਬਾਰੀ ਬਿਦਰੁ ਭਗਤੁ ਦਾਸੀ ਸੁਤੁ[14], ਤਿਸ ਤੇ ਪੁੱਤ ਕੁਹਾਇਆ ॥ ੧੫੨ ॥
ਸਭਨਾ ਦੇ ਸਿਰਿ ਇਕੋ ਜੇਹਾ, ਮਉਤਿ ਜਮਾਂ ਦਾ ਜੋਰਾ ।
ਇਕਿ ਪਏ ਸਿਵਿਆ ਵਿਚਿ ਜਲਿ ਬਲਿ, ਇਕਿ ਪਏ ਵਿਚਿ ਗੋਰਾ[15] ।
ਸਭਨਾ ਪਾਸਹੁ ਲੇਖਾ ਲਈਅਗੁ, ਗਿਣਿ ਗਿਣਿ ਭੋਰਾ ਭੋਰਾ ।
ਦਰਬਾਰੀ ਉਥੇ ਸੇਈ ਛੁਟੇ, ਹਰਿ ਜਸੁ ਜਿਸੁ ਪਹਿ[16] ਧੋਰਾ[17] ॥ ੧੫੩ ॥
ਆਏ ਧਉਲੇਂ[18] ਕਰਿ ਦੇਦੇ ਹਉਲੈ, ਮਉਤਿ ਨੀਸਾਨੀ ਭੇਜੀ ।
ਜਰ ਜਰਵਾਣਾ[19] ਕਰੈ ਧਿਙਾਣਾ[20], ਗਈ ਜੁਆਨੀ ਤੇਜੀ ।
ਸਦਿਆ ਸਦਿ[21] ਨ ਦੇਦਾ ਕੋਈ, ਰਹਿਓ ਨ ਕੋਈ ਹੇਜੀ[22] ।
ਦਰਬਾਰੀ ਆਖਨਿ ਫਫੜੇ[23] ਕਰਦਾ, ਬਿਰਧਿ ਵਡਾ ਫਰਫੇਜੀ[24] ॥ ੧੫੪ ॥
ਬਗਲੇ ਆਏ ਤਾ ਭਉਰ[25] ਸਿਧਾਏ, ਏਹਾ ਮਰਗ[26] ਨੀਸਾਨੀ ।
ਦੰਦ ਗਏ ਕਰ[27] ਕੰਪਨ[28] ਲਾਗੇ, ਦੇਹੀ ਭਈ ਪੁਰਾਨੀ ।
ਸਭਨਾ ਸਿਰਿ ਜਰੁ[29] ਇਕੋ ਜੇਹਾ, ਮੂਰਖ ਗਿਆਨੀ ਧਿਆਨੀ ।

---

1. ਜਿਨ੍ਹਾਂ ਪਾਂਡਵਾਂ ਦਾ (ਕ੍ਰਿਸ਼ਨ) ਸਹਾਇਕ ਤੇ ਮਿਤ੍ਰ ਸੀ ਉਹ ਹਿਮਾਲਾ ਚ ਗਾਲ ਦਿਤੇ । 2. ਜੈਨੀਆਂ ਦਾ ਪਹਿਲਾ ਤੀਰਥੰਕਰ । 3. ਸੀਤਾ, ਜੋ ਰਾਮ ਚੰਦਰ ਦੀ ਪਤਨੀ ਸੀ । (ਅ) ਅਰਧੰਗੀ—ਸ਼ਿਵ, ਜਿਸ ਦਾ ਅੱਧਾ ਅੰਗ ਨਰ ਤੇ ਅੱਧਾ ਅੰਗ ਨਾਰੀ ਦਾ ਹੈ । 4. ਸਾੜੇ । 5. ਪੁੱਟ ਦਿੱਤਾ ਭਾਵ ਲਾ ਦਿਤਾ । 6. ਸ਼ੁੱਧ, ਪਵਿੱਤ੍ਰ । 7. ਅਛੂਤ ਕੰਨਿਆ ਭਾਵ ਭੀਲਣੀ । 8. ਹਰੀ ਚੰਦ ਰਾਜੇ ਦੀ ਰਾਣੀ । 9. ਭਰੀ ਨੂੰ ਖਾਲੀ ਤੇ ਖਾਲੀ ਨੂੰ (ਭਰਨ ਦੀ ਰੀਤਿ ਕਰਦਾ) ਹੈ । 10. ਫੜਨ ਵਾਲਾ ਭਾਵ ਰੋਕਣ ਵਾਲਾ । 11. ਜਿਊਂਦਾ ਸੀ । 12. ਬਟੇਰੇ ਨਾਲ ਭਾਵ ਬਟੇਰੇ ਦੇ ਬਰਾਬਰ ਦਾ । 13. ਸਣੇ । 14. ਦਾਸੀ ਦਾ ਪੁੱਤਰ । 15. ਕਬਰਾਂ ਵਿਚ । 16. ਪਾਸ । 17. ਆਸਰਾ । 18. ਚਿੱਟੇਕੇਸ । 19. ਬਲਵਾਨ ਬੁਢੇਪਾ । 20. ਜ਼ਬਰਦਸਤੀ, ਧੱਕਾ । 21. ਆਵਾਜ਼ । 22. ਪ੍ਰੇਮੀ, ਹਿਤੈਸ਼ੀ । 23. ਪਖੰਡ । 24. ਛਲੀਆ, ਕਪਟੀ । 25. ਕਾਲੇ ਕੇਸ । 26. ਮੌਤ ਦੀ । 27. ਹੱਥ । 28. ਕੰਬਣ। 29 ਬੁਢੇਪਾ ।

ਦਰਬਾਰੀ ਹੁਣ ਕੀ ਹੁੰਦਾ ਰੁੰਨੈ, ਜਾਂ ਅਕਾਰਥਿ ਅਉਧ ਵਿਹਾਨੀ[1] ॥ ੧੫੫ ॥
ਧਉਲੇ ਦੇਖਿ ਨ ਸਰਸੇ[2] ਹੋਵਹੁ, ਏਹਿ ਮਉਤਿ ਨੀਸਾਨੀ ਘੱਲੀ ।
ਬੱਗੇ ਦੇਖਿ ਕਾਲੇ ਉਠਿ ਭਾਗੇ, ਅਹਿਲਿ[3] ਜੁਆਨੀ ਚੱਲੀ ।
ਟੇਢਾ ਚਲੇ ਤੇ ਤੁਕਾਂ ਥੁਕੇ[4], ਤਿਸ ਨੇ ਧਰਤੀ ਮੱਲੀ ।
ਦਰਬਾਰੀ ਸੰਗਿ ਨ ਸਾਥੀ ਕੋਈ, ਚੱਲੀ ਜਿੰਦੁ ਇਕੱਲੀ ॥ ੧੫੬ ॥
ਜਰ ਜਰਵਾਣਾ ਕਰੇ ਧਿਙਾਣਾ[5], ਕਢੇ ਮਾਰਿ ਜੁਆਨੀ ।
ਹਥ ਪੈਰ ਦੁਇ ਥਕਿ ਖਲੋਤੇ, ਦੰਦ ਗਏ ਦਿਲਿ ਜਾਨੀ[6] ।
ਆਖੀ ਗਲ ਨ ਮੰਨੈ ਕੋਈ, ਜੇ ਹੋਵੇ ਪੈਂਚਾ ਖਾਨੀ[7] ।
ਦਰਬਾਰੀ ਠੂਠਾ ਰਹਗੁ ਰੰਕ ਦਾ, ਰਾਜੇ ਦੀ ਰਾਜਧਾਨੀ[8] ॥ ੧੫੭ ॥
ਏਹੁ ਜੁਆਨੀ ਅਹਿਲਿ ਦੀਵਾਨੀ[9], ਅੰਧੁਲੀ ਨਜਰਿ ਨ ਆਵੈ ।
ਚਾਰਿ ਦਿਹਾੜੇ ਰਹੇ ਨ ਰੱਖੀ, ਜਾਂਦੀ ਬਿਲਮੁ[10] ਨ ਲਾਵੈ ।
ਬੱਦਲ ਛਾਵ ਜੇਹੀ ਏਹਿ ਜੁਆਨੀ, ਬਹਿ ਦੇਖਹੁ ਪ੍ਰਛਾਵੈ ।
ਦਰਬਾਰੀ ਮੂਰਖ ਝਟਕਿ[11] ਦੇ ਬਦਲੇ, ਦੋਵੇਂ ਥਾਂਇ ਗਵਾਵੈ ॥ ੧੫੮ ॥
ਜਦਿ ਹੋਂਦੇ ਕਾਲੇ ਮਦ ਮਤਵਾਲੇ, ਗੁੜ ਗੰਨੇ ਜਿਉ ਰਸਦੇ ।
ਹੁਣਿ ਆਏ ਧੌਲੇ ਹੋਇ ਰਹਦੇ ਹੌਲੇ, ਮਉਤਿ ਅਗਾਊ ਦਸਦੇ ।
ਅਖੀ ਨਿਵਿ ਨਿਵਿ ਵੇਖਣਿ ਲਗੇ, ਪੈਰ ਜਮੀ ਨਾਲਿ ਘਸਦੇ ।
ਹੁਣਿ ਦੇਖਿ ਅਸਾਨੂੰ ਦੂਰਹੁ ਭਜਨਿ, ਅਗੇ ਆਏ ਧਿਙਾਂਨੇ ਫਸਦੇ ।
ਹੁਣ ਲੋਕ ਅਸਾਨੂੰ ਹਸਨਿ ਲਗੈ, ਅਸੀਂ ਭਿ ਆਗੇ ਹਸਦੇ ।
ਪਰ ਦਰਬਾਰੀ ਅੜੇ[12] ਨਾਹਿ ਕਿਸੇ ਦੇ, ਸਾਡੇ ਦਿਲ ਵਿਚ ਦਿਲਬੁਰ ਵਸਦੇ ॥ ੧੫੯ ॥
ਜਰ ਜਰਵਾਣਾ ਕਰੇ ਧਿਙਾਂਣਾ, ਕਢੈ ਮਾਰ ਜੁਆਨੀ ।
ਦੇਹਿ ਨਿਮਾਣੀ ਇਉਂ ਕੁਮਲਾਣੀ, ਖੇਤ ਕੁੜੇ[13] ਜਿਉ ਪਾਨੀ ।
ਹਥਿ ਪੈਰ ਅਖੀ ਕੰਨ ਥਕੇ, ਦੰਦ ਗਏ ਦਿਲਿ ਜਾਨੀ ।
ਦਰਬਾਰੀ ਹੁਣਿ ਕੀ ਹੁੰਦਾ ਝੁਰਿਆ, ਜਾ ਅਕਾਰਥ ਅਉਧਿ ਵਿਹਾਨੀ[14] ॥ ੧੬੦ ॥
ਉਮਰ ਅਮੋਲਕ ਤੇ ਜਨਮ ਪਦਾਰਥੁ, ਜੋਬਨ ਲਾਲ ਗਵਾਇਆ ॥
ਕਾਂਇਆ ਕੰਚਨ[15] ਤੇ ਸਾਸਿ ਸਵਾਏ, ਕਿਤ ਹੀ ਕਾਂਮਿ ਨ ਆਇਆ ।
ਨ ਕਿਛੁ ਮੁਲੁ ਪਇਆ ਇਸ ਪੱਲੇ, ਨ ਕਿਤੇ ਅਰਥ ਲਗਾਇਆ ।
ਦਰਬਾਰੀ ਤੇਹਾ ਮੁਹੁ ਲੈ ਨਾ ਚਲਿਆ, ਜੇਹਾ ਮੁਹੁ ਸੀ ਲਿਆਇਆ ॥ ੧੬੧ ॥
ਬਾਲਪਣ ਕਮਲਾ ਤੇ ਜੋਬਨ ਅੰਧੁਲਾ, ਅਧਖੜ ਨੂੰ ਗ੍ਰਿਸਤ ਲਿਤਾੜੇ ।

---

1. ਵਿਅਰਥ ਉਮਰ ਬਿਤੀਤ ਹੋ ਗਈ । 2. ਖੁਸ਼ । 3. ਜੋ ਹੱਲੇ ਨ, ਅਚੱਲ । 4. ਭਾਵ ਹੰਕਾਰੀ । 5. ਬਲੀ ਬੁਢੇਪਾ ਧੱਕਾ ਕਰਦਾ ਹੈ । 6. ਦਿਲ ਦੇ ਪਿਆਰੇ । 7. ਘਰ ਦਾ ਮੁਖੀਆ । 8. (ਜੀਵ) ਰਾਜੇ ਦੀ ਰਾਜਧਾਨੀ (ਸਰੀਰ ਹੁਣ ਬੁਢੇਪੇ ਵਿਚ) ਕੰਗਾਲ ਦਾ ਠੂਠਾ (ਬਣ ਕੇ) ਰਹਿ ਗਿਆ ਹੈ । 9. ਪੱਕੀ ਸ਼ਦਾਇਣ । 10. ਦੇਰ । 11. ਥੋੜੇ ਸਮੇਂ । 12. ਮੁਹਤਾਜ, ਲੋੜਵੰਦ, ਅਧੀਨ । 13. ਮੁਰਝਾ ਕੇ ਝੁਕੇ ਹੋਏ । 14. ਨਿਸਫਲ ਉਮਰ ਬਤੀਤ ਹੋ ਗਈ । 15. ਸੋਨੇ ਵਰਗੀ ਦੇਹ ।

ਬਿਰਧ ਭਇਆ ਕੁਛ ਸੁਝਸ ਨਾਹੀ, ਹਰਿ ਚੇਤਗੁ ਕਿਤੁ ਦਿਹਾੜੇ ।
ਹਥਹੁ ਛੁਟਾ ਤੇ ਵੇਲਹੁ ਤੁਟਾ, ਮੂਲ ਨ ਵੜਿਆ ਵਾੜੇ[1] ।
ਦਰਬਾਰੀ ਸਚੀ ਰਾਸਿ ਗਵਾਈ, ਹਿਲਿਆ[2] ਕੂੜੈ ਵਾੜੈ ॥ ੧੬੨ ॥
ਭਰਮ ਭਵਾਲੀ ਦੇ[3] ਕਮਲਾ ਕੀਤਾ, ਮੋਹੁ ਮਾਇਆ ਹਲਕਾਇਆ ।
ਅਖੀ ਮੀਟਿ ਅੰਧੇਰਾ ਕਰਿ ਕਰਿ, ਜਾਹਰ ਪਾਪ ਕਮਾਇਆ ।
ਮਾਰ ਪਈ ਫਿਰਿ ਰੋਵਣ ਲਗਗੁ, ਹੁਣਿ ਸਮਝੈ ਨ ਸਮਝਾਇਆ ।
ਦਰਬਾਰੀ ਅੱਖੀਂ ਉਘੜਿ ਗਈਆਂ, ਜਾ ਜਮ ਪਕੜਿ ਚਲਾਇਆ ॥ ੧੬੩ ॥
ਜੋ ਘੜਿਆ ਸੋ ਭੱਜਸੀ, ਜੋ ਆਇਆ ਸੋ ਜਾਸੀ ।
ਇਕਨਾ ਖੱਟਿਆ ਰਾਮੁ ਨਾਮੁ, ਸੇ ਬੈਕੁੰਠੇ ਵਾਸੀ ।
ਇਕਨਾ ਲੱਦਿਆ ਪਾਪ ਕੂੜ, ਸੇ ਨਰਕਿ ਨਿਵਾਸੀ ।
ਦਰਬਾਰੀ ਆਏ ਸਫਲ ਸੇ, ਕਾਟੀ ਜਮ ਫਾਸੀ ॥ ੧੬੪ ॥
ਸੁਫਨੇ[4] ਦਾ ਸੁਖੁ ਦੇਖਣਿ ਕਾਰਨਿ, ਦੁਰਲਭ ਦੇਹਿ ਗਵਾਈ ।
ਨ ਹਰਿ ਭਜਿਆ ਨ ਤੀਰਥਿ ਸੇਵੇ, ਲੇਖੇ ਕਿਤੇ ਨ ਲਾਈ ।
ਪਿਉ ਦਾਦਾ ਕੁਛ ਲੈਨਗੇ ਓਹੀ, ਅਜੈ ਭਿ ਸਮਝਿ ਨ ਆਈ ।
ਦਰਬਾਰੀ ਅਖੀਂ ਵੇਖ ਨ ਸਮਝੇ, ਤਾ ਸਤਿ ਚਟੇ ਸਿਰਿ ਛਾਈ[5] ॥ ੧੬੫ ॥
ਅਸੀਂ ਤੁਸਾਡੇ ਚਿਤਿ ਨ ਚੇਤੇ, ਪਰੁ ਤੁਸੀਂ ਅਸਾਨੂੰ ਪਿਆਰੇ ।
ਅਸੀਂ ਉਡੀਕਹ ਤੁਸੀਂ ਆਵਹੁ ਨਾਹੀ, ਏਦੂ ਅਸਾਂ ਵਿਚਾਰੇ[6] ।
ਅਸੀਂ ਤੁਸਾਨੂੰ ਨਿਤਿ ਚਿਤਾਰਹ, ਤੇ ਤੁਸਾਂ ਨ ਅਸੀਂ ਚਿਤਾਰੇ ।
ਭਾਵੈ ਜਾਣੁ ਨ ਜਾਣੁ ਪਿਆਰਿਆ, ਦਰਬਾਰੀ ਦਾਸ ਤੁਮਾਰੇ ॥ ੧੬੬, ॥
ਇਕੁ ਜਗ ਵਿਚਿ ਬੁਰਾ ਵਿਛੋੜਾ ਮੰਦਾ, ਹੋਰੁ ਸੱਭਾ ਗਲ ਭਲੇਰੀ ।
ਹੀਰਿ ਖੇੜਿਆਂ ਨੂੰ ਬੰਨ੍ਹਿ ਫੜਾਈ, ਸੀ ਰਾਂਝੇ ਦੀ ਚੇਰੀ ।
ਉਚੀ ਕੂਕਿ ਨ ਹੰਘੇ[7] ਡਰਦੀ, ਮਨ ਮਹਿ ਸਿਕ ਘਨੇਰੀ[8] ।
ਦਰਬਾਰੀ ਸਿਕ ਰਹੀ ਜਬ ਸਾਬਤਿ, ਹੀਰ ਭਿ ਰਾਝਨਿ ਹੀ ਕੇਰੀ ॥ ੧੬੭ ॥
ਪਿਆਰੇ ਨਾਲਿ ਵਿਛੋੜਾ ਮੰਦਾ, ਫਿਰਿ ਜੀਵਣੁ ਕਿਤੇ ਨ ਲੇਖੇ ॥
ਜਿਉ ਮਛੁਲੀ ਬਿਨੁ ਪਾਣੀ ਮਰਦੀ, ਤਿਉ ਮੈ ਮਰਦੇ ਦੇਖੇ ।
ਸੱਜਣ ਦੀ ਜੀਵਾਈ ਜੀਵਾਂ, ਜੇ ਇਕੁ ਭੋਰਾ ਡੇਖੇ[9] ।
ਦਰਬਾਰੀ ਸੋਈ ਭੇਖੁ ਬਣਾਵਹੁ, ਪੀਉ ਮਿਲੇ ਜਿਤ ਭੇਖੇ ॥ ੧੬੮ ॥
ਤੱਤਾ ਠੰਢਾ ਭਾਵੇ ਕੇਹਾ, ਪਾਣੀ ਅਗਨਿ ਬੁਝਾਵੈ ।
ਸੂਰਜ ਮੁਖੀ ਕਉਲ ਖਿੜਿ ਆਵਨਿ, ਜਾਂ ਸੂਰਜ ਮੁਖ ਦਿਖਾਵੈ ।

---

1. ਭਾਵ ਸਰੀਰ ਰੂਪੀ ਫਲ । 2. ਗਿੱਝਿਆ । 3. ਦੇ ਕੇ । 4. ਭਾਵ ਸੰਸਾਰ ਦਾ । 5. ਸਿਰ ਵਿਚ ਸੁਆਹ ਦੇ ਸੌ ਬੁੱਕ । 6. ਇਸ ਪਖੋਂ ਅਸੀਂ ਬਿਨਾਂ ਵਸ ਤੋਂ ਹਾਂ ਭਾਵ ਇਹ ਸਾਡੇ ਵੱਸ ਦੀ ਗਲ ਨਹੀਂ ਹੈ । 7. ਕੂਕ ਨਹੀਂ ਮਾਰ ਸਕਦੀ । 8. ਬਹੁਤੀ ਤੀਬਰ ਇੱਛਾ । 9. ਜੇ ਇਕ ਵਾਰ ਥੋੜਾ ਜੇਹਾ ਸਮਾਂ ਵੀ ਸਾਡੇ ਵਲ ਵੇਖੇ ।

ਬੇਹਾ ਸਜਾ[1] ਖਟਾ ਮਿਠਾ, ਖਾਧੈ ਹੀ ਭੁਖ ਜਾਵੈ ।
ਤਿਉ ਦਰਬਾਰੀ ਸਜਣ ਡਿਠੈ, ਮਨ ਮਹਿ ਸਾਂਇਤਿ[2] ਆਵੈ ॥ ੧੬੯ ॥
ਤਤਾ ਠੰਡਾ ਪਾਣੀ ਹੋਵੇ, ਮਛਲੀ ਤਿਆਗ ਨ ਸੱਕੇ ।
ਤਿਉ ਚਕੋਰੁ ਭਿ ਚੰਦੁ ਜਾਨਿ ਕੈ, ਲੈ ਅਗਿਆਰਾ ਫੱਕੈ[3] ।
ਭਾਂਵੈ ਮਿਠਾ ਭਾਂਵੈ ਕਉੜਾ, ਟਿੱਡ ਨ ਛੋਡਗੁ ਅੱਕੇ[4] ।
ਭਾਂਵੈ ਝਿੜਕੇ ਦੇ ਦਿਲਾਸਾ, ਦਰਬਾਰੀ ਮਨੁ ਪ੍ਰੀਤਮ ਵਲਿ ਤੱਕੈ ॥ ੧੭੦ ॥
ਕਲਜੁਗੁ ਆਇਆ ਹੁਣ ਰਲਾ ਨਾ ਕੋਈ, ਸੂਰਿਆ ਸ਼ਸਤ੍ਰ ਡਾਰੇ ।
ਸਿਖ ਗੁਰਾਂ ਤੇ ਬੇਮੁਖਿ ਹੋਏ, ਜਾ ਕਲਜੁਗ ਪੈਰ ਪਸਾਰੇ ।
ਕਲਿਜੁਗ ਆਗੇ ਕਾਇਰ ਹੋਏ, ਵਡੇ ਵਡੇਰੇ ਮਾਰੇ ।
ਦਰਬਾਰੀ ਤੂ ਕੀ ਕੀਟੁ ਵਿਚਾਰਾ, ਡੋਲੇ ਪਰਬਤਿ ਭਾਰੇ ॥ ੧੭੧ ॥
ਸੂਰਿਆ ਸਿਰਿ ਸੇਤੀ ਹੈ ਮੁੱਦਾ[5], ਦਲ ਕਿਨੈ ਨ ਮਾਰ ਬਿਡਾਰੇ[6] ।
ਬੋਲ ਕਬੋਲ ਸਹਨਿ ਸਿਰਿ ਉਤੇ, ਜਿਨ੍ਹਾ ਦੇ ਗੁਰਦੇ[7] ਭਾਰੇ ॥
ਅਜਰੁ ਜਰਨਿ ਤੇ ਰਹਨ ਚੁਪਾਤੇ, ਸੇ ਜਨ ਕਦੇ ਨ ਹਾਰੇ ।
ਦਰਬਾਰੀ ਤੇ ਨਰ ਖਤਾ ਨ ਖਾਨੀ[8], ਜਿਨ੍ਹਾ ਗੁਰਮੁਖਿ ਬਾਕ ਬੀਚਾਰੇ ॥ ੧੭੨ ॥
ਤ੍ਰਿਣ[9] ਤੇ ਤੁਲ[10] ਦੀ ਕਹਾਂਚਲੀ ਸੀ, ਜਾਂ ਬ੍ਰਿਛ ਸਮੂਲਹੁ ਪੁਟੈ ।
ਗੁਰ ਤੇ ਵਿਛੁੜੇ ਕਿਉ ਕਰਿ ਉਬਰਹਿ, ਜਗੁਲੁ[11] ਗੈਆ ਜਬ ਛੂਟੈ ॥
ਤਿਨ੍ਹਾ ਨੂੰ ਧੁਰ ਕੋ ਪਹੁਚਾਵੈ, ਜੋ ਅਧ ਵਿਚਹੁ ਟੁਟੈ ।
ਦਰਬਾਰੀ ਕੀ ਸੀ ਕੀਟ ਬਿਚਾਰਾ, ਕਲਿਜੁਗ ਬਹੁਤੇ ਲੁੱਟੈ ॥ ੧੭੩ ॥
ਆਦਿ ਜੁਗਾਦੀ ਹੋਂਦੀ ਆਈ, ਇਕਿ ਬਧੇ ਇਕ ਛੁਟੇ ।
ਆਪੇ ਕਰਿ ਕਰਿ ਵੇਖੇ ਕਰਤਾ, ਇਕਿ ਲਾਗੇ ਇਕਿ ਤੁਟੇ ।
ਤਿਨ੍ਹਾ ਦੀ ਫਰੀਆਦਿ ਕਿਵੇਹੀ, ਜੋ ਸਿਖਰ ਦੁਪਿਹਰੈ ਲੁਟੇ ।
ਦਰਬਾਰੀ ਸਚ ਸਿਞਾਮਾ[12] ਹੋਸੀ, ਓੜਕਿ ਕੂੜਿ ਨਿਖੁਟੇ ॥ ੧੭੪ ॥
ਕਲਜੁਗੁ ਰਹਣਿ ਨ ਦੇਗੁ ਕਿਸੇ ਦੀ, ਬੰਨ੍ਹਣ ਦੇਗੁ ਨ ਢੇਰੀ ।
ਕਲਜੁਗੁ ਸਭਾ ਬੰਦੀ[13] ਪਾਈ, ਜੇਤੀ ਵਡਹੁ ਵਡੇਰੀ ।
ਜਗ ਵਿਚਿ ਕੋਈ ਸਾਧੂ ਉਬਰੇ, ਹੋਰ ਰਹੈ ਨਾਹੀ ਕਿਸੇ ਕੇਰੀ ।
ਦਰਬਾਰੀ ਤੂ ਕੀ ਕੀਟੁ[14] ਬਿਚਾਰਾ, ਕਲਜੁਗ ਬਹੁਤੀ ਟੇਰੀ[15] ॥ ੧੭੫ ॥
ਕਲਿਜੁਗ ਵਿਚਿ ਨ ਵਟਤੁ ਕਾਈ, ਲੁਕ ਛਪਿ ਸਾਧੂ ਕਟਨਿ ।
ਸਾਧਾ ਬਿਨਾ ਨ ਉਬਰੈ ਕੋਈ, ਸਾਧੂ ਪੂਰੇ ਵਟਨਿ[16] ।
ਜਗ ਵਿਚਿ ਵਣਿਜੁ ਭੰਗਾਰ[17] ਭੰਗ[18] ਕਾ, ਸਾਧੂ ਹਰਿ ਧਨ ਖਟਨਿ ।

---

1. ਸੱਜਰਾ, ਤਾਜਾ । 2. ਸ਼ਾਂਤੀ । 3. ਖਾ ਲੈਂਦੀ ਹੈ । 4. ਟਿੱਡਾ ਅੱਕ ਨੂੰ ਨਹੀਂ ਛੱਡਦਾ । 5. ਦਾਵਾ । 6. ਕਿਸੇ ਨੇ ਦਲ ਮਾਰ ਕੇ ਨਾਸ ਨਹੀਂ ਕੀਤੇ । 7. ਸਹਨ ਸ਼ਕਤੀ ਦੇ ਗੁਣ । 8. ਗਲਤੀ ਨਹੀਂ ਖਾਂਦੇ ਭਾਵ ਕਰਦੇ । 9. ਕੱਖ । 10. ਰੂੰ । 11. ਲੋੜ । 12. ਜਾਣਿਆ ਪਛਾਣਿਆ ਭਾਵ ਸਦਾ ਰਹਿਣ ਵਾਲਾ । 13. ਸਾਰੀ ਸ੍ਰਿਸ਼ਟੀ ਬੰਨ੍ਹਣ ਵਿਚ ਪਾ ਦਿਤੀ । 14. ਕੀੜਾ 15. ਧੋਖੇ ਵਿਚ ਰੱਖੀ । 16. ਪੂਰਾ ਲਾਭ ਪ੍ਰਾਪਤ ਕਰਦੇ ਹਨ । 17. ਭੁਰਭਰੀ ਲਾਖ । 18. ਸੁੱਖਾ ।

ਦਰਬਾਰੀ ਸਾਧਾ ਧਰਮ ਉਪਾਇਆ, ਪਾਪਾ ਦੀ ਜੜ ਪਟਨਿ ॥ ੧੭੬ ॥
ਕਲਿਜੁਗ ਦੀ ਕੀ ਕਹੌ ਕਹਾਣੀ, ਸਭ ਹੀ ਮਾਇਆ ਮੋਹੇ ।
ਆਧਿ ਵਿਆਧਿ ਉਪਾਧਿ ਗਿਰਾਸੇ[1], ਸਭ ਨਰ ਹੈਂ ਜਮ ਜੋਹੇ[2] ।
ਸਚੁ ਧਰਮੁ ਜਗ ਥੋੜਾ ਦਿਸੇ, ਲੋਗ ਭਏ ਜਗ ਧ੍ਰੋਹੇ[3] ।
ਦਰਬਾਰੀ ਤੂ ਕੀ ਕੀਟੁ ਬਿਚਾਰਾ, ਕਲਜੁਗ ਬਹੁਤ ਖੋਹੇ ॥ ੧੭੭ ॥
ਜੀਤ ਨ ਸਕੈ ਕਲਜੁਗ ਕੋਲਹੁ, ਜਤਨ ਕਰੇ ਜੇ ਕੋਈ ।
ਵਡੀ ਵਡੇਰੀ ਘਨੀ ਘਨੇਰੀ, ਕਲਜੁਗ ਥੋਂ ਸਭ ਰੋਈ ।
ਕੋਈ ਬਚਗੁ ਬਚਾਇਆ ਕਲ ਥੋਂ, ਸਰਣਿ ਪੇਆ ਗੁਰ ਜੋਈ ।
ਦਰਬਾਰੀ ਹਥਿ ਕਿਸੇ ਦੇ ਨਾਹੀ, ਹੋਣੀ.ਸੀ ਸਾ ਹੋਈ ॥ ੧੭੮ ॥
ਜੋ ਜਨ ਨਾਉ ਚੜ੍ਹਾਏ ਸਤਿਗੁਰ[4], ਸੇਈ ਬੰਨੇ ਲਗੇ ।
ਜਿਨ੍ਹਾ ਦਾ ਰਖਵਾਲਾ ਸਤਿਗੁਰ, ਸੇ ਨ ਕਲਿਜੁਗ ਠਗੇ ।
ਸੇਈ ਪਹੁਤੇ ਜਾਇ ਧੁਰਾਹੂ, ਜੋ ਮੇਲੇ ਗੁਰ ਮਗੇ[5] ।
ਦਰਬਾਰੀ ਐਥੇ ਖਰੇ ਸੁਖਾਲੇ, ਮਹਾਂ ਸੁਖੀ ਸੇ ਅਗੇ ॥ ੧੭੯ ॥
ਜਾਨਿ ਆਜਾਨਿ[6] ਜੋ ਪੀਵੈ ਅੰਮ੍ਰਿਤ, ਤਾ ਕਉ ਮ੍ਰਿਤੁ[7] ਨ ਖਾਵੈ ।
ਭਾਵੇ ਕਿਵੈ ਛੁਹੇ ਲੋਹ ਪਾਰਸੁ, ਸੋ ਕੰਚਨੁ ਹੋਇ ਜਾਵੈ ।
ਜਾਤਿ ਅਜਾਤਿ ਲੂਣੁ ਸਭੁ ਹੋਵੈ, ਜੋ ਪਵੈ ਲੂਣ ਕੈ ਖਾਵੈਂ[8] ।
ਤਿਉਂ ਦਰਬਾਰੀ ਸਾਧ ਸੰਗੁ ਜਬ, ਨਰ ਤੇ ਸਾਧ ਕਹਾਵੈ ॥ ੧੮੦ ॥
ਜਿਤ ਮਜਲਸ ਬਦਿਨਾਵੀ[9] ਆਵੈ, ਤਿਤੁ ਮਜਲਸ ਜਿਨਿ[10] ਜਾਈਐ ।
ਨਾਲਿ ਕੁਸੰਗੀ ਦੇ ਸੰਗ ਨ ਕਰੀਐ, ਕਿਉ ਕੁਲ ਨੂੰ ਦਾਗੁ ਲਗਾਈਐ ।
ਝੂਠੇ ਨਾਲ ਪ੍ਰੀਤਿ ਕਿਨੇਹੀ, ਕੁਲ ਜਾਤੀ ਜਨਮ ਗਵਾਈਐ ।
ਦਰਬਾਰੀ ਸਾਧ ਸੰਗਤਿ ਮਿਲਿ ਬਹੀਐ, ਤਾ ਹਰਿ ਹੀਲੇ[11] ਸੁਖੁ ਪਾਈਐ ॥ ੧੮੧ ॥
ਓਸੇ ਦਾ ਕੀਤਾ ਸਭ ਵਰਤੈ, ਜਿਸ ਨੇ ਜਗਤ ਉਪਾਇਆ ।
ਮੁੜਦਾ ਨਾਹਿ ਕਹੀਦਾ[12] ਮੋੜਿਆ, ਜੋ ਉਨਿ ਲੇਖੁ ਲਿਖਾਇਆ ।
ਉਪਾਇ ਖਪਾਇ ਆਪੇ ਪ੍ਰਤਿਪਾਲੈ, ਸਿਰਿ ਸਿਰਿ ਧੰਧੇ ਲਾਇਆ ।
ਦਰਬਾਰੀ ਹਥਿ ਕਿਸੈ ਦੇ ਨਾਹੀ, ਏਹੁ ਕਰਦੇ ਸਭੁ ਕਰਾਇਆ ॥ ੧੮੨ ॥
ਓਥੇ ਸਚ ਸਿਞਾਮਾ[13] ਹੋਸੀ, ਰਲਾ ਨ ਰੋਲਾ ਰਾਈ[14] ।
ਐਥੇ ਸਾਕ ਸਿਞਾਣੂ ਬਹੁਤੇ, ਓਥੇ ਭੈਣ ਨ ਭਾਈ ।
ਵਸਿ ਜੰਦਾਰਾਂ[15] ਦੇ ਜਦ ਪਉਸੀ, ਨ ਕੋ ਸਖਾ ਸਹਾਈ ।

---

1. ਗੁਸੇ, ਪਕੜੇ ਹੋਏ । ਜਮਾਂ ਦੇ ਅਸਰ ਹੇਠ ਹਨ । 3. (ਜਗਤ ਨੂੰ) ਠੱਗਣ ਵਾਲੇ ।
4. ਸਿਖੀ ਰੂਪ ਬੇੜੀ । 5. ਗੁਰਾਂ ਨੇ ਆਪਣੇ ਮੱਗ (ਰਸਤੇ ਭਾਵ ਪੰਥ) ਨਾਲ ਮੇਲ ਲਏ । 6. ਜਾਣਕੇ ਜਾਂ ਬਿਨਾਂ ਜਾਣੇ ਤੋਂ । 7. ਮੌਤ । 8. ਖਾਣ, ਜਿਥੋਂ ਲੂਣ ਨਿਕਲਦਾ ਹੈ । 9. ਬਦਨਾਮੀ ।
10. ਨਾ, ਨਹੀਂ । 11. ਹਰ ਹਾਲਤ ਵਿੱਚ । 12. ਕਿਸੇ ਦਾ । 13. ਸਹੀ ਪਛਾਣ ।
14. ਮਿਲਾਵਟ ਤੇ ਰੋਲਾ ਥੋੜੇ ਮਾਤ੍ਰ ਵੀ ਨਹੀਂ ਹੋਵੇਗਾ । 15. ਜਮਦੂਤਾਂ ਦੇ ।

ਦਰਬਾਰੀ ਕਹਿੰਦੇ ਬੇਦ ਸਾਧ ਸਭਿ, ਆਵਗੁ ਕੀਤੀ ਕੰਮ ਕਮਾਈ ॥ ੧੮੩ ॥
ਓਥੇ ਲੇਖੇ ਬਾਝੁ ਨ ਸਿੱਝੈ, ਸੁਘੜੁ ਪੰਡਿਤੁ ਉਲਮਾਉ ।
ਓੜਕ ਤਕਿ ਚੜ੍ਹਾਈਅਗੁ ਓਥੇ, ਮੁਨ ਜਨ ਰੰਕ ਜੁ ਰਾਉ ।
ਤਲਬਾ ਪਉਸਨਿ ਆਕੀਆ[1], ਜਿਨ੍ਹਾ ਮਨਿ ਭਗਤਿ ਨ ਭਾਉ ।
ਬਾਕੀ ਤਿਨ ਕੈ ਸਿਰਿ ਭਈ, ਹੋਇ ਕਾਜੀ ਬਹਗੁ ਖੁਦਾਉ[2] ।
ਦਰਬਾਰੀ ਦੁਧਹੁ ਪਾਣੀ ਪੁਣੀਅਗੁ, ਹੋਵਗੁ ਧਰਮ ਨਿਆਉ ॥ ੧੮੪ ॥
ਆਉ[3] ਕਹੈ ਸੋ ਆਇਆ ਕਹੀਐ, ਜਗ ਵਿਚਿ ਏਹ ਵਡਿਆਈ ।
ਆਏ ਆਉ ਨ ਆਖੇ ਜਦ ਹੀ, ਤਦ ਹੀ ਆਉ[4] ਅਜਾਈ ।
ਆਉ ਚਲੀ ਤਉ ਛਲੀ ਮਨ ਮੂਰਖ, ਏ ਉਵਹੀ ਨਦੀ ਨਾਂਉ ਨਿਆਂਈ[5] ।
ਦੇਖੁ ਦਰਬਾਰੀ ਸਭੁ ਕੋ ਆਖੇ, ਦਇਆ ਬਿਨੁ ਸਿਧੁ ਕਸਾਈ ॥ ੧੮੫ ॥
ਅਉਖਾ ਹੋਇਆ ਰੋਵਣ ਲਗਗੁ, ਕੋ ਸੁਣੈ ਨ ਸਜਣ ਸੈਣਾ[6] ।
ਓਥੇ ਦਿਸਿ ਨ ਆਵਗੁ ਕੋਈ, ਸਾਥੀ ਭਾਈ ਭੈਣਾ ।
ਦੋਸੁ ਕਿਸੈ ਨੋ ਕੇਹਾ ਦਿਚੈ, ਜਾ ਕੀਤਾ ਆਪਣਾ ਲੈਣਾ ।
ਸੋ ਬ੍ਰਹਮੰਡੇ ਜੋਈ ਪਿੰਡੇ[7], ਦਰਬਾਰੀ ਦੇਖਹੁ ਨੈਣਾ ॥ ੧੮੬ ॥
ਅਜਰੁ ਜਰੇ ਸੋ ਸਾਧੂ ਕਹੀਐ, ਸੋ ਜੋਰਾਵਰ ਸੂਰਾ ।
ਹੋਛਾ ਹੋਇ ਸੁ ਛੂਛਾ ਵਜੈ[8], ਡੋਲੇ ਨਾਹਿ ਜੁ ਹੋਵੈ ਪੂਰਾ ।
ਸੇ ਸਫਲੇ ਆਏ ਜੁ ਹਰਿ ਮਗ ਲਾਏ, ਮੁਝ ਦੇਹੁ ਤਿਨਾ ਦੀ ਧੂਰਾ ।
ਦਰਬਾਰੀ ਕਰਨ ਕਰਾਵਨ ਆਪੇ, ਨ ਕੋ ਸੁਘਰਾ[9] ਸੂਰਾ[10] ॥ ੧੮੭ ॥
ਸਿਆਹੀ[11] ਗਈ ਸੁਪੇਦੀ[12] ਆਈ, ਤੂੰ ਕਦੇ ਤਾ ਹੋਹੁ ਸਿਆਣਾ ।
ਤੂ ਸਮਝਾਇਆ ਸਮਝਹਿ ਨਾਹੀ, ਤੈਨੂੰ ਕੇਹਾ ਝੋਲਾ ਵਾਣਾ[13] ।
ਸੋ ਤੈ ਰਾਹੁ ਸਵਾਰਿਓ ਨਾਹੀ, ਜਿਤੁ ਮਾਰਗ ਸੀ ਜਾਣਾ ।
ਦਰਬਾਰੀ ਰਹਿਣਾ ਚਾਰ ਦਿਹਾੜੇ, ਦੁਨੀਆ ਕੂੜਾ ਮਾਣਾ ॥ ੧੮੮ ॥
ਸੋ ਸਾਹਿਬੁ ਸਿਰਤਾਜੁ ਸਭਨ ਸਿਰਿ, ਜਿਸ ਦੇ ਪਿੰਡ ਪਰਾਣਾ[14] ।
ਜਿਸ ਦੇ ਰਾਜ ਵਸਹਿ ਮਨ ਮੂਰਖ, ਮੰਨੁ ਤਿਸੇ ਦਾ ਭਾਣਾ ।
ਤਿਸੁ ਸਾਹਿਬ ਦੀ ਕਰਹੁ ਬੰਦਗੀ, ਜਿਸ ਦਾ ਦਿਤਾ ਖਾਣਾ ।
ਦਰਬਾਰੀ ਹੁਕਮ ਨ ਮੰਨਨਿ ਜੋ ਨਰ, ਦੋਜਕ ਤਿਨ੍ਹਾ ਜਾਣਾ ॥ ੧੮੯ ॥
ਸੁਰ ਨਰ ਮੁਨ ਜਨ ਸੇਵਹਿ ਜਿਸ ਨੋ, ਸੋ ਸਾਹਿਬ ਸੁਘੜੁ ਸੁਜਾਣਾ ।
ਸਾਸਿ ਗਿਰਾਸਿ ਦੀਏ ਜਿਸੁ ਕਰਤੇ, ਤੂ ਤਿਸ ਨੂੰ ਸਿਮਰੁ ਅਜਾਣਾ ।
ਜਿਸੁ ਚਿਤਿ ਆਏ ਹੋਇ ਖਲਾਸੀ, ਕਟੀਏ ਜਮ ਕੀ ਕਾਣਾ[15] ।

---

1. ਰੱਬ ਤੋਂ ਮੁਨਕਰ ਹੋਇਆਂ ਨੂੰ ਸੱਦੇ ਪੈਣਗੇ । 2. ਖੁਦਾ ਇਨਸਾਫ ਕਰਨ ਵਾਲਾ ਹੋ ਕੇ ਬੈਠੇਗਾ । 3. ਆਉ ਜੀ । 4. ਉਮਰ । 5. ਬੇੜੀ ਦੀ ਤਰ੍ਹਾਂ । 6. ਸਕਾ, ਰਿਸ਼ਤੇਦਾਰ । 7. ਸ਼ਰੀਰ ਵਿਚ 8. ਖਾਲੀ ਵਜਦਾ ਹੈ । 9. ਚਤੁਰ । 10. ਮੂਰਖ । 11. ਕਾਲੇ ਵਾਲ । 12. ਚਿੱਟੇ ਵਾਲ । 13. ਤੈਨੂੰ ਕਿਹੋ ਜਿਸਾ ਝੋਲਾ ਵੱਜ ਗਿਆ ਹੈ । 14. ਜਿਸ ਦੇ ਦਿੱਤੇ ਹੋਏ ਸ਼ਰੀਰ ਤੇ ਪ੍ਰਾਣ ਹਨ । 15. ਕਨੋੜ ।

ਦਰਬਾਰੀ ਦਰਗਹਿ ਨਿਆਉ ਨਿਆਰਾ, ਓਥੇ ਨਾਹਿ ਧਿਙਾਣਾ[1] ॥ ੧੯੦ ॥
ਹੇਰਹੁ[2] ਹਰਿ ਹਰਿ ਨੇੜਿ ਨਜੀਕੀ, ਦੂਰ ਨਹੀ ਅਬਿਨਾਸੀ ।
ਸਭ ਕੁਛੁ ਵੇਖੇ ਸੁਣੈ ਨਿਰੰਤਰਿ, ਓਹੁ ਹਰਿ ਘਟਿ ਘਟਿ ਵਾਸੀ ।
ਆਪਿ ਨਿਰਾਲਾ ਰਹੇ ਅਗੋਚਰੁ, ਜਾ ਕੀ ਮਾਇਆ ਦਾਸੀ ।
ਦਰਬਾਰੀ ਤਿਸ ਨੂ ਸਿਮਰੁ ਸਵੇਰੇ, ਕਾਟੇ ਜਮ ਕੀ ਫਾਸੀ ॥ ੧੯੧ ॥
ਹੋਰੁ ਨ ਕੋਈ ਬੀਜੋ ਸੂਝੈ[3], ਜਿਸ ਪਹਿ ਕੂਕਿ ਸੁਣਾਈਐ ।
ਹਾਜਰੁ ਨਾਜਰੁ ਜਾਹਰ[4] ਬਾਤਨੁ[5], ਤਿਸੁ ਹੀ ਕੇ ਗੁਣ ਗਾਈਐ ।
ਹਰਨਾਖਸ ਦਾ ਜਿਨਿ ਖਿਉ[6] ਕੀਨਾ, ਸਰਨਿ ਤਿਸੈ ਦੀ ਪਾਈਐ ।
ਨਾਨਕ ਪੰਥੀ ਭਣੇ ਦਰਬਾਰੀ, ਅਉਰੁ ਨ ਦੂਸਰੁ ਧਿਆਈਐ ॥ ੧੯੨ ॥
ਹਾ ਹਾ ਕਾਰ ਕਰੇ ਪਛੁਤਾਵੇ, ਵਖਤਹੁ ਘੁਥਾ[7] ਰੋਵੈ ।
ਏਥੇ ਤਾ ਕਿਛੁ ਭਲਾ ਨ ਕੀਤੋ, ਓਥੇ ਕੁਛ ਨ ਹੋਵੈ ।
ਦਾਗਾ ਦਾਗ[8] ਲਗੇ ਬਹੁ ਕਾਰੇ[9], ਕੇਹੜਾ ਕੇਹੜਾ ਧੋਵੈ ।
ਨਾਨਕ ਪੰਥੀ ਭਣੇ ਦਰਬਾਰੀ, ਕਿਉ ਕਰਿ ਦੁਖੀਆ ਸੋਵੈ ॥ ੧੯੩ ॥
ਕਾਲ ਕਲੋਲ[10] ਕਰੇ ਸਿਰਿ ਉਪਰਿ, ਤੂ ਬੰਨਹਿ ਵਾਲ ਵਧੇਰੀ[11] ।
ਲਖੁ ਲਖੁ ਵਰਸਾਂ ਆਉ[12] ਜਿਨ੍ਹਾ ਦੀ, ਤਿਨਾ ਨ ਬਧੀ ਢੇਰੀ[13] ।
ਰਾਵਣੁ ਤੇ ਹਰਨਾਕਸੁ ਮੂਏ, ਸਭਾ ਮਉਤਿ ਨੈ ਘੇਰੀ ।
ਦਰਬਾਰੀ ਤੈਨੂੰ ਸਰਮ ਨਾ ਆਵੈ, ਤੂ ਕਰਦਾ ਮੇਰੀ ਮੇਰੀ ॥ ੧੯੪ ॥
ਕੋਈ ਰਹਿਣੁ ਨ ਪਾਵਗੁ ਏਥੇ, ਸਭਾ ਫਿਰਦੀ ਫੇਰੀ ।
ਧਰਤਿ ਅਕਾਸੁ ਪਤਾਲੁ ਸੁਰਗ ਸਣੁ[14], ਸਭ ਹੋਸੀ ਢਹਿ ਢੇਰੀ ।
ਇੰਦੁ ਚੰਦੁ ਸੂਰਜੁ ਸਣੁ ਜਾਸੀ, ਏਹਿ ਕੁਦਰਤਿ ਕਰਤੇ ਕੇਰੀ ।
ਦਰਬਾਰੀ ਏਹੇ ਜੇਹੇ ਜਾਸਨਿ, ਕਿਆ ਕਹੁ ਚਲੀ ਤੇਰੀ ॥ ੧੯੫ ॥
ਕੁਲ ਜਹਾਨੁ ਦੋਇ ਭਾਂਤਿ ਉਪਾਇਆ, ਇਕਿ ਚੰਗੇ ਇਕਿ ਮੰਦੇ ।
ਇਕਿ ਪਾਵਨ[15] ਸੁਪਾਤ੍ਰ[16] ਕੀਏ, ਇਕਿ ਮਹਾਂ ਮੂੜ ਕਰਿ ਗੰਦੇ ।
ਇਕਿ ਖੋਟੇ ਵੇਖਿ ਪਿਛਾਹਾਂ ਸੁਟੇ, ਇਕਿ ਖਰੇ ਰਲਾਏ ਪੰਦੇ[17] ।
ਨਾਨਕ ਪੰਥੀ ਭਣੇ ਦਰਬਾਰੀ, ਸਭਿ ਕਰਮ ਕ੍ਰਾਲ ਕੇ ਬੰਦੇ[18] ॥ ੧੯੬ ॥
ਕੀ ਲੈ ਆਇਓਹੁ ਤੇ ਕੀ ਲੈ ਜਾਸਹਿ, ਤੇ ਕਾਂ ਪਰ ਬਧੀ ਢੇਰੀ ॥
ਰਾਵਣੁ ਤੇ ਹਰਨਾਕਸੁ ਤਜਿ ਗਏ, ਲੰਕਾ ਸੁਇਨੇ ਕੇਰੀ ।
ਤੂ ਕਹੁ ਖਾਂ ਮੁਣੀਅਦਿ[19] ਕਉਣ ਪਰ, ਕਰਦਹ ਮੇਰੀ ਮੇਰੀ ।
ਦਰਬਾਰੀ ਤੂ ਭੁਲਿਆ ਕਹੁ ਕਾਂ ਪਰਿ, ਏਹਿ ਦੇਹਿ ਭਿ ਨਾਹੀ ਤੇਰੀ ॥ ੧੯੭ ॥

---

1. ਧੱਕਾ, ਜ਼ਬਰਦਸਤੀ । 2. ਦੇਖੋ । 3. ਦੂਜਾ ਨਹੀਂ ਦਿਸਦਾ । 4. ਪ੍ਰਗਟ । 5. ਗੁਪਤ । 6. ਨਾਸ । 7. ਸਮੇਂ ਤੋਂ ਖੁੰਝਿਆ । 8. ਅਉਗੁਣਾ ਦੇ ਦਾਗ । 9. ਕਾਲੇ । 10. ਖੁਸ਼ੀ ਦਾ ਨਾਚ । 11. ਤੂੰ ਬਹੁਤੀਆਂ ਹਵਾਵਾਂ ਭਾਵ ਆਸਾਂ ਬੰਨ੍ਹਦਾ ਹੈਂ । 12. ਉਮਰ । 13. ਓਟ । 14. ਸਣੇ । 15. ਪਵਿੱਤ੍ਰ । 16. ਚੰਗੇ ਭਾਂਡੇ । 17. ਚੰਗੇ ਰਸਤੇ ਵਿਚ ਰਲਾ ਲਏ । 18. ਕੈਦੀ । 19. ਬੁਨਿਆਦ, ਨੀਂਹ ਭਾਵ ਓਟ ਉਪਰ ।

ਖਾਂਹਿ ਖਤਾ ਮਤੁ ਖਾਵੰਦ ਕੋਲਹੁ[1], ਖਿਜਮਤਿ ਖੋਇ ਨ[2] ਅੰਧੇ ।
ਜਾਗ ਖੁਆਬਹੁ[3] ਖੋਲ ਚਸ਼ਮ[4] ਕਉ, ਰਚਹੁ ਨ ਕੂੜੇ ਧੰਧੇ ।
ਕਿਉਂ ਜਨਮ ਬਿਅਰਥਾ ਖੋਵਹਿ ਭਉਂਦੂ, ਮੋਹ ਮਾਇਆ ਕੇ ਫੰਧੇ[5] ।
ਦਰਬਾਰੀ ਗੁਰ ਕ੍ਰਿਪਾਲ ਹੋਵੈ ਜਿਸੁ, ਸੁ ਪਾਇ ਸੁਖਾਲੇ ਪੰਧੇ[6] ।। ੧੯੮ ॥
ਖੋਜ ਨਿਹਾਰ ਨਿਹਾਲਹੁ ਪਿਛਾ[7], ਕਿਥੇ ਹੀ ਪਿਉ ਦਾਦਾ ।
ਵਡੇ ਵਡੇਰੇ ਗਏ ਅਗਾਹਾਂ, ਤਾ ਕੀ ਤੇਰੀ ਮੁਣੀਆਦਾ[8] ।
ਵੇਖਿ ਵੇਖਿ ਅਬ ਚਲਨੁ[9] ਤੁਮਾਰਾ, ਮੁਝ ਹੋਇ ਰਹਿਓ ਬਿਸਮਾਦਾ[10] ।
ਦਰਬਾਰੀ ਆਗੇ ਸੁਣੀਆਗੁ ਨਾਹੀ, ਝੂਠੇ ਦੀ ਫਰੀਆਦਾ[11] ॥ ੧੯੯ ॥
ਖੋਟ ਪੋਟ[12] ਲੈ ਸਿਰਿ ਪਰ ਚਾਈ[13], ਕਿਥੇ ਜਾਇ ਉਤਾਰੇ ।
ਨ ਕੋ ਲਏ ਨ ਕੰਮ ਕਿਤੇਹੀ, ਹੋਹਿ ਦੁਖੀ ਸਿਰਿ ਭਾਰੇ ।
ਹਾਸਿਲੁ[14] ਲੈਨਿ ਜਗਾਤਿ[15] ਨ ਛੱਡਨਿ, ਹੋਇ ਗੁਸੇ ਜਮੁ ਮਾਰੇ ।
ਨਾਨਕ ਪੰਥੀ ਭਣੇ ਦਰਬਾਰੀ, ਖੋਟਿਆ ਨੂੰ ਕਉਣੁ ਉਬਾਰੇ[16] ॥ ੨੦੦ ॥
ਇਸ ਦੇ ਕਹੇ ਹਿਸਾਬੁ ਭਿ ਕੀਚਗੁ, ਨਿਬੜਗੁ ਇਸ ਦੀ ਹੱਥੀ ।
ਕਰਗੁ ਹਿਸਾਬੁ ਕਿਤਾਬ ਸੋਧ ਕੈ, ਧਰਮ ਰਾਇ ਦੀ ਸੱਥੀ[17] ।
ਜੇ ਹਥਿ ਕੰਨਿ ਅਖਿ ਵਲ ਨਾਹੀ, ਦੁਰਮਤਿ ਜਿਨਿ ਮਨਿ ਮੱਥੀ[18] ।
ਦਰਬਾਰੀ ਤਿਨ ਕਾ ਪੜਦਾ ਢਕਿਆ, ਓਥੇ ਨ ਪਤਿ ਲੱਥੀ ॥ ੨੦੧ ॥
ਏਥੇ ਆਇ ਜੁ ਖਾਲੀ ਚਲੇ, ਧ੍ਰਿਗੁ ਤਿਨਾ ਦਾ ਆਇਆ ।
ਚਾਰ ਦਿਹਾੜੇ ਕਰਿ ਬਦ ਫੈਲੀ,[19] ਅਗਲਾ ਭੀ ਥਾਉਂ ਗਵਾਇਆ ।
ਸੋ ਭੀ ਏਥਹੁ ਲੈ ਨ ਚਲਿਆ, ਜੋ ਸੀ ਓਥਹੁ ਲਿਆਇਆ ।
ਦਰਬਾਰੀ ਏਹ ਲਾਇਕ ਨਰਕ ਦੀ, ਜੋ ਸਮਝੈ ਨ ਸਮਝਾਇਆ ।। ੨੦੨ ॥
ਏਥੇ ਰਹਿਣੁ ਨ ਪਾਵੈ ਕੋਈ, ਸਰਪਰ[20] ਓਥੇ ਜਾਣਾ ।
ਸਤਿਜੁਗ ਤ੍ਰੇਤੇ ਦੁਆਪਰ ਕਲਿਜੁਗ, ਰਹਿਓ ਨ ਰਾਜਾ ਰਾਣਾ ।
ਮੀਰ[21] ਮਲਕ[22] ਉਮਰੇ[23] ਉਠਿ ਚਲੇ, ਪਾਤਸਾਹ ਸੁਲਤਾਣਾ ।
ਪੀਰ ਪੈਕੰਬਰ ਸਣੇ ਮੁਹੰਮਦ, ਜਿਨ੍ਹਾ ਸੀ ਸਚ ਕਮਾਣਾ ।
ਦਰਬਾਰੀ ਸੇ ਭੀ ਮਉਤਿ ਰੰਵਾਣੇ[24], ਤੂ ਕੀ ਇਕੁ ਜੀਉ ਨਿਮਾਣਾ ।। ੨੦੩ ॥
ਗੋਰ[25] ਉਡੀਕ ਕਰੇ ਨਿਤਿ ਤੇਰੀ, ਤੇ ਤੈਂ ਕਿਉਂ ਮਨਹੁ ਵਿਸਾਰੀ ।

---

1. ਮਾਲਕ (ਪਰਮੇਸ਼ਰ) ਵਲੋਂ ਭੁੱਲ ਕੇ ਵੈਰ ਨ ਕਰ । 2. ਸੇਵਾ ਨਾ ਗਵਾ । 3. ਸੁਪਨੇ ਤੋਂ । 4. ਅੱਖ । 5. ਫਸੇ ਹੋਏ । 6. ਰਸਤੇ ਪੈ ਜਾਂਦਾ ਹੈ । 7. ਖੋਜ ਕੇ ਦੇਖੋ, ਪਿੱਛਾ ਦੇਖੋ । 8. ਜੜ੍ਹ, ਮੂਲ । (ਅ) ਨੀਂਹ । 9. ਚਾਲ ਚਲਨ, ਕਰਤੂਤ । 10. ਅਸਚਰਜ, ਹੈਰਾਨਗੀ । 11. ਪੁਕਾਰ । 12. ਖੋਟੇ ਕਰਮਾਂ ਦੀ ਪੰਡ । 13. ਚੁੱਕੀ । 14. ਮਾਮਲਾ । 15. ਮਸੂਲ । 16. ਬਚਾਵੇ । 17. ਸਭਾ । 18. ਜੇ ਹੱਥਾਂ ਕੰਨਾਂ ਤੇ ਅੱਖਾਂ ਵਿਚ ਵਲ (ਵਿੰਗ) ਨਹੀਂ ਭਾਵ ਕੋਈ ਭੈੜ ਨਹੀਂ ਤੇ ਖੋਟੀ ਮਤਿ ਮਨ ਵਿਚੋਂ (ਮਥੀ) ਕੁਚਲ ਦਿੱਤੀ ਹੈ ਭਾਵ ਨਾਸ ਕਰ ਦਿੱਤੀ ਹੈ । 19. ਮੰਦ ਕਰਮ । 20. ਬਿਨਾਂ ਸੰਸੇ ਭਾਵ ਜ਼ਰੂਰ ਬਰ ਜ਼ਰੂਰ । 21. ਅਮੀਰ । 22. ਬਾਦਸ਼ਾਹ । 23. ਵਜ਼ੀਰ । 24. ਦੁਖੀ ਕੀਤੇ । 25. ਕਬਰ ।

ਤੂ ਸੈਆਂ ਵਰਿਆਂ ਦੀਆਂ ਵਾਲੂਾਂ ਬੰਨਹਿ[1], ਤੇਰੀ ਨਿਤਿ ਤਈਆਰੀ ।
ਸਗਲ ਸਮਗਰੀ ਰਹੁਗੁ ਇਥਾਂਈ, ਇਨਿ ਸਿਉ ਕੂੜੀ ਯਾਰੀ ।
ਜੋ ਸੰਗ ਆਈ ਜੋ ਸੰਗਿ ਨ ਜਾਸੀ, ਖਲੀ ਬਾਂਹਿ ਕੂਕੇ ਦਰਬਾਰੀ[2] ॥ ੨੦੪ ॥
ਗੋਕਲ ਦੇ ਵਿੱਚ ਗਉਗਾ ਪਾਇਆ[3], ਗੋਬਿੰਦ ਧੂਮ ਮਚਾਈ[4] ।
ਪਤਣਿ ਰੋਕਿ ਜਗਾਤਿ[5] ਲਗਾਵੈ, ਗੁਆਰ[6] ਕੂਕਦੀ ਆਈ ।
ਮਾਤ ਜਸੋਮਤਿ[7] ਝਿੜਕਨਿ ਲਾਗੀ, ਕਿਉ ਤੈ ਗੁਆਰ ਦੁਖਾਈ ।
ਦਰਬਾਰੀ ਵਲ ਛਲ ਕਰਕੇ ਕੰਨ੍ਹੀਐ[8], ਮਾਤ ਜਸੋਧ ਵਿਰਾਈ[9] ॥ ੨੦੫ ॥
ਗਈ ਗੁਆਰ ਜਮਨਾ ਜਲ ਕਾਰਣਿ, ਬੋਂਸੀ[10] ਕਾਨ੍ਹ ਬਜਾਈ ।
ਬਉਰੀ ਹੋਇ ਦਉਰੀ ਸੁਰ ਸਨਮੁਖਿ[11], ਸੁਧਿ ਨ ਰਹੀਆ ਕਾਈ ।
ਕਾਨ੍ਹ ਗੁਆਰੀ ਰਲਿ ਮਿਲਿ ਖੇਡੇ, ਰਾਤਿ ਛਿਮਾਹੀ ਪਾਈ ।
ਦਰਬਾਰੀ ਬਦਨੁ ਛਪਿਆ ਛਬਿ ਛਾਇਆ,
ਦੂਰ ਦੂਰ ਗਇਆ ਸ਼ਰਮਾਈ[12] ॥ ੨੦੬ ॥
ਰਾਤਿ ਛਿਮਾਹੀ ਸਰਦ ਚਾਂਦਨੀ, ਖੇਲੇ ਕਾਨ੍ਹ ਕੁਆਰੀ ।
ਸੁਧਿ ਨ ਬੁਧਿ ਰਹੀ ਤਨ ਭੋਰਾ, ਨੀਦ ਨ ਲਗੇ ਪਿਆਰੀ ।
ਭੂਖ ਤਿਖਾ ਤਿਨ ਕੈਸੀ ਲਾਗੇ, ਜਿਨ੍ਹਾ ਦੇਖਿਆ ਕਿਸ਼ਨ ਮੁਰਾਰੀ ।
ਦਰਬਾਰੀ ਗੁਆਰਨਿ ਤਿਸ ਸੰਗ ਖੇਡੇ, ਤਗੇ ਜਿਸੇ ਦੀ ਧਾਰੀ[13] ॥ ੨੦੭ ॥
ਗਰਬੁ ਗਈ[14] ਮਨ ਅਪਨੇ ਅੰਦਰਿ, ਗੋਪੀ ਗੁਆਰ ਸਬਾਈ[15] ।
ਰਾਧੇ ਕੋ ਲੈ ਲੋਪੁ ਭਇਓ ਤਦਿ, ਗੁਆਰੀ ਸਬ ਬਿਸਮਾਈ ।
ਸੁਧ ਨ ਬੁਧ ਰਹੀ ਭੋਰਾ ਭਰਿ, ਜਿਉ ਮਣਿ[16] ਸਰਪ ਗੁਆਈ ।
ਦਰਬਾਰੀ ਢੂਡਨਿ ਪਈ ਗੁਆਰਨਿ, ਸੀਤਾ ਰਾਮ ਨਿਆਈ ॥ ੨੦੮ ॥
ਗੋਬਿੰਦ ਕੇ ਗੁਣ ਗਾਵਣ ਲਾਗੀ, ਰਲ ਮਿਲ ਗੁਆਰ ਸਬਾਈ ।
ਸੁਰ ਨਰ ਮੁਨ ਜਨ ਸਗਲੇ ਮੋਹੇ, ਜਬ ਬੋਂਸੀ[17] ਕਾਨ੍ਹ ਬਜਾਈ ।
ਜਾ ਈਸੁਰ ਬਰਮਾ ਇੰਦ੍ਰ ਮੋਹੇ, ਅਸੀਂ ਕੌਨ ਗੁਆਰ ਲੋਗਾਈ ।
ਦਰਬਾਰੀ ਕਾਹਨੁ ਕਿਸੈ ਵਸਿ ਨਾਹੀ, ਇਉ ਗੋਪੀ ਮਨ ਆਈ ॥ ੨੦੯ ॥
ਰਾਧੇ ਦੇ ਮਨ ਅੰਦਰ ਆਈ, ਜੋ ਮੈਂ ਹਾਂ ਸਭ ਤੋਂ ਪਿਆਰੀ ।
ਸੁੰਦਰ ਰੂਪ ਸਰੂਪ ਬਿਚਖਣ,[18] ਮੈਂ ਸਮ ਹੋਰੁ ਨ ਨਾਰੀ ।
ਮੈਨੂੰ ਸੰਗਿ ਲੈ ਚਲਿਆ ਤਾਹੀ, ਛੋਡੀ ਸਗਲ ਗੁਆਰੀ ।
ਗਰਬੁ ਗੁਵਾਇਣ ਕਾਨ੍ਹ ਕਨ੍ਹੀਆ, ਛਪਨੁ ਭਇਆ ਦਰਬਾਰੀ ॥ ੨੧੦ ॥

---

1. ਹਵਾਵਾਂ ਬੰਨ੍ਹਦਾ ਹੈ ਭਾਵ ਇਛਾਵਾਂ ਕਰਦਾ ਹੈ । 2. ਦਰਬਾਰੀ ਬਾਂਹ ਖੜੀ ਕਰਕੇ ਪੁਕਾਰਦਾ ਹੈ । 3. ਅਫਵਾਹ ਫੈਲੀ । 4. ਕ੍ਰਿਸ਼ਨ ਨੇ ਸ਼ੋਰ ਮਚਾਇਆ । 5. ਮਸੂਲ । 6. ਗੋਪੀ । 7. ਜਸ਼ੋਦਾ ਮਾਤਾ । 8. ਕਾਨ੍ਹ ਨੇ । 9. ਪ੍ਰਸੰਨ ਕਰ ਲਈ । 10. ਬੰਸਰੀ । 11. ਅਵਾਜ਼ ਵਲ ਸਾਹਮਣੇ । 12. ਜਦੋਂ ਸ਼ਰਮਾ ਕੇ ਲੁਕ ਕੇ ਦੂਰ ਚਲਾ ਗਿਆ ਤਾਂ ਸੁੰਦਰਤਾ ਨਾਲ ਭਰਿਆ (ਬਦਨ) ਚਿਹਰਾ ਛੁਪ ਗਿਆ । 13. ਨਿਭਦੀ ਹੈ, ਜਿਸ ਦੀ ਅੰਗੀਕਾਰ ਕੀਤੀ ਹੋਈ ਹੈ । 14. ਹੰਕਾਰੀ ਹੋ ਗਈਆਂ । 15. ਗਵਾਲਿਆਂ ਦੀਆਂ ਸਾਰੀਆਂ ਗੋਪੀਆਂ । 16. ਮਣੀ । 17. ਬੰਸਰੀ । 18. ਚਤੁਰ ।

ਰਾਧੇ ਫਿਰਿ ਪਛੁਤਾਵਣ ਲਾਗੀ, ਹੈ ਹੈ ਮੈਂ ਕਿਆ ਕੀਤਾ ।
ਉਹੁ ਅਛਲੁ ਅਜੀਤ ਅਗੋਚਰੁ, ਮੈਂ ਜਾਤਾ ਮੈਂ ਜੀਤਾ[1] ।
ਉਸਦੀ ਗਤਿ ਮਿਤਿ ਓਹੋ ਜਾਣੈ, ਕਿਸੈ ਨ ਜਾਈ ਲੀਤਾ ।
ਦਰਬਾਰੀ ਰਾਧੇ ਸਣੈ ਗੁਆਰੀ, ਗਾਵਣ ਲਾਗੀ ਗੀਤਾ ॥ ੨੧੧ ॥
ਗੋਪੀ ਖੋਜੁ ਨਿਹਾਲਨਿ ਲਾਗੀ, ਗੁਆਰੀ ਗਰਬੁ ਗੁਆਇਆ ।
ਓਹ ਨ ਵਸ ਕਿਸੇ ਦੇ ਆਵੇ, ਅਸਾਂ ਐਵੇਂ ਗਰਬੁ ਵਧਾਇਆ ।
ਆਪੁ ਤਿਆਗਿ ਢਹਿ ਪਈ ਗੁਆਰਨੁ, ਤਾ ਅੰਤਰਜਾਮੀ ਆਇਆ ।
ਦਰਬਾਰੀ ਗਰਬੁ ਗੁਵਾਇਣ ਠਾਕੁਰੁ, ਗਰਬੁ ਗੁਮਾਨੁ ਵਞਾਇਆ ॥ ੨੧੨ ॥
ਗੋਰਸੁ[2] ਵੇਚਣ ਗਈ ਗੁਆਰਨਿ, ਰਾਧਿਕ ਚੰਦ੍ਰ ਦੋਈ[3] ।
ਹੋਕੇ ਦੇ ਥਾਂਇ ਕਾਨ੍ਹੁ ਪੁਕਾਰੇ, ਮੁਖਿ ਤੇ ਲਥੀ ਲੋਈ[4] ।
ਕੁਲ ਕੀ ਕਾਨ ਵਹਾਈ ਜਲ ਜਿਉ, ਲੋਕ ਲਾਜ ਸਭ ਖੋਈ ।
ਕਾਨ੍ਹੋ ਕਾਨ੍ਹੁ ਪੁਕਾਰਤਿ ਰਾਧੇ, ਕਾਨ੍ਹੋ ਕਾਨ੍ਹਾ ਹੋਈ ।
ਦਰਬਾਰੀ ਜਗ ਵਿਚਿ ਪ੍ਰਗਟੁ ਦੇਖਹੁ, ਰਾਧੇ ਕਿਸਨੁ ਕਹੈ ਸਭ ਕੋਈ ॥ ੨੧੩ ॥
ਚੰਦ੍ਰਾਵਲਿ ਰਾਧਿਕ ਝਿੜਕਨਿ ਲਾਗੀ, ਕਿਉ ਹੋਈਅਹਿ ਬਾਹਰਿ ਵਾਰੀ ॥
ਬ੍ਰਿਖ-ਭਾਨ[5] ਕੂੰ ਛਤ੍ਰ ਚੜ੍ਹਾਇਓ, ਖਾਕ ਪਿਤਾ ਸਿਰਿ ਡਾਰੀ ॥
ਕੁਲ ਕਲੰਕ ਲਗਾਇਤ ਭਾਰੀ ਭਾਰ ਮੁਈ ਮਹਿਤਾਰੀ[6] ॥
ਦਰਬਾਰੀ ਰਾਧਾ ਕਹੇ[7] ਚੰਦ੍ਰਾਵਲਿ, ਤੈ ਦੇਖਿਆ ਨਾਹਿ ਮੁਰਾਰੀ ॥ ੨੧੪ ॥
ਗੋਕਲ ਤੇ ਮਥੁਰਾ ਜਬ ਆਇਆ, ਬ੍ਰਜ ਬਾਸੀ ਭਏ ਉਦਾਸੀ ।
ਕਾਗ ਉਡਾਵਨਿ ਤੇ ਅਉਸੀ ਪਾਵਨਿ, ਕਦਿ ਆਵਗੁ ਅਬਿਨਾਸੀ ।
ਗੁਆਰਿ[8] ਬਹਾਰ[9] ਭਈ ਮਨ ਅੰਦਰਿ, ਨ ਭੁਲੇ ਰਾਤਿ ਛਿਮਾਸੀ ।
ਦਰਬਾਰੀ ਤੋਰੀ ਤੂਟੇ ਨਾਹੀ, ਪਈ ਪ੍ਰੇਮ ਗਲਿ ਫਾਸੀ ॥ ੨੧੫ ॥
ਸੰਕਰੁ ਬ੍ਰਹਮਾ ਇੰਦ੍ਰ ਨਾਰਦੁ, ਥਕੇ ਧਿਆਨ ਲਗਾਈ ।
ਸਿਧ ਸਮਾਧੀ ਲਾਇ ਰਹੇ ਸਭਿ, ਨ ਸੁਪਨੇ ਦਈ ਦਿਖਾਈ ।
ਆਦਿਸਟੁ ਅਗੋਚਰੁ ਸੂਛਮੁ ਮੂਰਤਿ, ਕਿਨੈ ਭਿ ਸੁਧਿ ਨ ਪਾਈ ।
ਦਰਬਾਰੀ ਜਸੁਮਤਿ ਗੋਦ ਖਿਲਾਇਆ, ਰਾਧਾ ਮਸਾਂ ਮਨਾਈ ॥ ੨੧੬ ॥
ਗਰੀਬ ਨਿਵਾਜ ਨਿਵਾਜ ਅਸਾਂਕੂੰ, ਅਸੀਂ ਗਰੀਬ ਤੁਸਾਡੇ ।
ਤੂ ਪੜਦੇ-ਪੋਸ਼[10] ਸੁਣੀਦਾ ਸਾਹਿਬੁ, ਪੜਦੇ ਢਕਿ ਲੈ ਸਾਡੇ ।
ਜੇ ਕਰਿ ਪੁਤ ਕਪੁਤ ਕਹਾਵੈ ਤਾ ਲਾਜ ਪਈ ਪਿਅ ਡਾਡੇ[11] ।
ਦਰਬਾਰੀ ਸੂਰੁ ਸਤਾਣਾ[12] ਸੋਈ, ਬਾਂਹਿ ਫੜੀ ਜਿਨਿ[13] ਛਾਡੇ ॥ ੨੧੭ ॥

---

1. ਮੈਂ ਜਾਣਿਆ ਮੈਂ ਜਿੱਤ ਲਿਆ । 2. ਦੁੱਧ । 3. ਰਾਧਿਕਾ ਤੇ ਚੰਦ੍ਰਾਵਲ ਦੋਵੇਂ ਹੀ । 4. ਭਾਵ ਸ਼ਰਮ ਲਥ ਗਈ । 5. ਰਾਧਾ ਦਾ ਪਿਤਾ । 6. ਮਾਤਾ । 7. ਮੂਲ ਰਚਨਾ ਵਿਚ ਰਾਧਾ ਦਾ ਕੰਨਾ ਛੁਟਿਆ ਹੋਇਆ ਹੈ । 8. ਗੋਪੀ । 9. ਅਨੰਦ । 10. ਪੜਦੇ ਢਕਣ ਵਾਲਾ ਮੂਲ ਰਚਨਾ ਵਿਚ ਸ' ਅੱਖਰ ਨਹੀਂ ਲਿਖਿਆ । 11. ਪੇ, ਪਿਤਾ । 12. ਉਹ ਬਲਵਾਨ ਸੂਰਮਾ ਹੈ । 13. ਨਾ ।

ਫਦਲੁ[1] ਕਰਹਿ ਛੁਟਕਾਰਾ ਹੋਸੀ, ਅਦਲੀ[2] ਕੋਇ ਨ ਛੁਟੇ ।
ਤਿਨ ਕੀ ਰੂਇ ਚਾਂਗ ਨ ਕੋਈ[3], ਜੋ ਸਿਖਰ ਦੁਪਿਹਰੇ ਲੁਟੇ ।
ਏਹੋ ਵਖਤੁ ਸਭਨਾ ਸਿਰਿ ਭਾਰੀ, ਇਕਿ ਬਧੇ ਇਕਿ ਛੁਟੇ ।
ਦਰਬਾਰੀ ਜਾਇ ਪਏ ਪਰਦੇਸੀ, ਜੋ ਫਲ ਵੇਲਹੁ ਤੁਟੇ ॥ ੨੧੮ ॥
ਕਿਤ ਹੀ ਢੰਗ ਮਿਲਾਵਾ ਹੋਸੀ, ਜੋ ਨਦੀਅਹੁ ਵਾਹ ਵਿਛੁੰਨੇ[4] ।
ਪਾਣੀ ਪਾਏ ਹਰੇ ਨ ਹੋਸਨਿ, ਜੋ ਦਾਣੇ ਭਠਿ ਭੁੰਨੇ ।
ਤਿਨਾ ਨੂੰ ਕੋਇ ਨ ਰਖਨਿਹਾਰਾ, ਸਾਹਿ ਜਿਨ੍ਹਾ ਦੇ ਪੁੰਨੇ[5] ।
ਦਰਬਾਰੀ ਪਾਪ ਕਮਾਤੇ ਜਿਨ੍ਹਾ, ਦਰਗਹ ਸੇਈ ਰੁੰਨੇ ॥ ੨੧੯ ॥
ਅਣਿ ਪੜਿਆ ਹੋਇ ਸੋ ਪੜੈ ਪੜਾਇਆ, ਪੜਿਆ ਨੂੰ ਕਉਣ ਪੜਾਵੈ ।
ਸੁਤਾ ਹੋਵੇ ਸੋ ਸਦਿ ਜਗਾਈਐ, ਜਾਗਦਿਆਂ ਕਉਣੁ ਜਗਾਵੇ ।
ਘੇਸਲਿ ਵਟਿ ਰਹੈ ਨ ਬੋਲੇ, ਤੇ ਪੜ੍ਹਿਆ ਪਾਪ ਕਮਾਵੈ ।
ਦਰਬਾਰੀ ਤਿਹਾ ਸੋ ਵਾਹ ਨ ਕਾਈ, ਰਾਹੁ ਜਾਣੇ ਤੇ ਉਝੜਿ ਜਾਵੈ ॥ ੨੨੦ ॥
ਗਰੀਬ ਨਿਵਾਜ ਨਿਵਾਜੁ ਅਸਾਂ ਕੂ, ਅਸੀਂ ਗਰੀਬ ਤੁਮਾਰੇ ।
ਤੂ ਪੜਦੇ ਪੋਸੁ ਬਿਸੰਭਰੁ ਸਾਹਿਬ, ਐਬਿ ਨ ਵੇਖੁ ਹਮਾਰੈ ।
ਅਸੀਂ ਪੁਰ-ਗੁਨਾਹ ਤੂ ਰਹਮ ਦਰੀਆਉ, ਅਸੀਂ ਬਹੁ ਬਿਧਿ ਅਉਗੁਣਿਆਰੇ ।
ਨਾਨਕ ਪੰਥੀ ਕੀ ਕੀਟੁ ਦਰਬਾਰੀ, ਤੈ ਪਾਹਨ ਪਾਨੀ ਤਾਰੇ ॥ ੨੨੧ ॥
ਪਾਹੁਨ ਅਸਾ ਥੋ ਹਉਲੇ ਥੀਏ, ਅਸੀਂ ਪਾਹੁਨ ਪਾਸਹੁ ਭਾਰੇ ।
ਅਸੀ ਕਾਮੀ ਕ੍ਰੋਧੀ ਲਾਲਚ ਅਟੇ[6], ਅਕ੍ਰਿਤਿ-ਘਣੀ[7] ਕੂੜਿਆਰੇ ।
ਮੁਖਿ ਤੇ ਮਿਠਾ ਬੋਲਿ ਨ ਜਾਣਹਿ, ਜਾ ਬੋਲੈ ਤਬ ਖਾਰੇ ।
ਪਰ ਨਾਨਕ ਪੰਥੀ ਕਿਆ ਇਕ ਦਰਬਾਰੀ, ਤੈ ਬਹੁਤੇ ਪਤਿਤ ਉਧਾਰੇ ॥ ੨੨੨ ॥
ਜੇ ਤੂ ਪਤਿਤ ਉਧਾਰਨੁ ਸਾਹਿਬ, ਤਾ ਮੈ ਮਹਾ ਪਤਿਤ ਅੰਤਿਤਾਈ[8] ।
ਜੇ ਤੂ ਸਜਣੁ ਪੜਦੇ ਕੱਜਣੁ, ਤੈਂ ਮੈ ਤੋਂ ਸੋਂ ਪ੍ਰੀਤਿ ਲਗਾਈ ।
ਜੇ ਤੂ ਸਰਨੀ ਸੂਰੁ ਸੁਆਮੀ, ਤਾ ਮੈ ਤੇਰੀ ਸਰਨਿ ਤਕਾਈ ।
ਨਾਨਕ ਪੰਥੀ ਕਿਆ ਇਕੁ ਦਰਬਾਰੀ, ਤੈ ਬੇੜੀ[9] ਬੈਕੁੰਠਿ ਪਠਾਈ ॥ ੨੨੩ ॥
ਜੇ ਤੂ ਕਰਤਾ ਪੁਰਖੁ ਬਿਧਾਤਾ, ਤਾ ਅਸੀਂ ਤੇਰੇ ਕੀਤੇ ਹੋਏ ।
ਜੇ ਤੂੰ ਦੇਵਣਹਾਰੁ ਦਾਤਾਰਾ, ਤਾਂ ਅਸੀਂ ਮੰਗਣਿ ਆਇ ਖਲੋਏ ।
ਜੇ ਤੂ ਵੈਦੁ ਬਨਹਿ ਬਨਵਾਰੀ, ਅਸੀ ਹੋਵਹਿ ਨਵੇ ਨਰੋਏ ।
ਨਾਨਕ ਪੰਥੀ ਕਿਆ ਇਕੁ ਦਰਬਾਰੀ ਤੈ ਢੰਗੀ ਬੋੜੇ ਢੋਏ[10] ॥ ੨੨੪ ॥

---

1. ਫਜ਼ਲ, ਬਖਸ਼ । 2. ਇਨਸਾਫ ਕਰਨ ਵਾਲੇ ਪਾਸੋਂ । 3. ਉਨ੍ਹਾਂ ਦੀ ਚਾਂਗ (ਚੀਕ ਪੁਕਾਰ) ਦੀ ਰੂਇ (ਧੁਨੀ, ਅਵਾਜ਼) ਕੋਈ ਨਹੀਂ (ਸੁਣਦਾ) । 4. ਨਦੀਆਂ ਤੋਂ ਛੋਟੇ ਨਾਲੇ ਵਿਛੜ ਗਏ । 5. ਜਿਨ੍ਹਾਂ ਦੇ ਸਾਹ ਪੂਰੇ ਹੋ ਗਏ । 6. ਭਰੇ ਹੋਏ । 7. ਕੀਤੇ ਉਪਕਾਰ ਨੂੰ ਭੁਲਾ ਦੇਣ ਵਾਲੇ । 8. ਪ੍ਰਾਣ ਲੈਣ ਵਾਲਾ, ਅਤਿ ਦੁਖ ਦੇਣ ਵਾਲਾ । ਗ੍ਰੰਥਾਂ 'ਚ ਛੇ ਤਰ੍ਹਾਂ ਦੇ ਅਤਤਾਈ ਲਿਖੇ ਹਨ । ਅੱਗ ਲਾਉਣ ਵਾਲਾ, ਜ਼ਹਰ ਦੇਣ ਵਾਲਾ । ਧਨ, ਇਸਤਰੀ, ਜਮੀਨ ਖੋਹਣ ਵਾਲਾ ਤੇ ਪ੍ਰਾਣ ਲੈਣ ਵਾਲਾ । 9. ਭਾਵ ਪੂਰਾਂ ਦੇ ਪੂਰ । 10. ਭੇਖੀ ਡੁਬਦੇ ਮਿਲਾਏ ਭਾਵ ਬਚਾਏ ।

ਤੂ ਪਰਬਤ ਤੂ ਓਲਾ[1] ਮੇਰਾ, ਪਨਾਹ[2] ਲਈ ਮੈਂ ਤੇਰੀ ।
ਮੇਰੀ ਬੇਰੀ[3] ਕਾਟਹੁ ਪ੍ਰਭ ਜੀ ਚਾੜਹੁ ਅਪਨੀ ਬੇਰੀ[4] ।
ਬਹੁਤਾ ਆਖਣਿ ਬਣੇ ਨ ਤੈਨੂੰ, ਕੀ ਕਹੀਐ ਵੇਰੀ ਵੇਰੀ[5] ।
ਨਾਨਕ ਪੰਥੀ ਕਹੇ ਦਰਬਾਰੀ, ਫੇਰਿ ਨ ਫੇਰਹੁ ਫੇਰੀ[6] ॥ ੨੨੫ ॥
ਪਾਹਨ[7] ਉਤੇ ਜੋ ਸੀ ਲਿਖਿਆ, ਸੋ ਲਿਖਹੁ ਅਸਾਡੇ ਹਿਰਦੇ ।
ਅਸੀ ਪਾਹਨ ਪਾਸਹੁ ਕਰੜੇ ਭਾਰੇ, ਅਸੀ ਵਿਛੁੜੇ ਹੋਏ ਚਿਰਦੇ ।
ਜੇ ਤੂ ਰਖਹਿ ਆਪਿ ਸੁਆਮੀ, ਤਾ ਅਸੀਂ ਕਿਉ ਚੌਰਾਸੀਹ ਫਿਰਦੇ ।
ਨਾਨਕ ਪੰਥੀ ਕਹੇ ਦਰਬਾਰੀ, ਤੁਸੀਂ ਸਾਹਿਬ ਸਾਡੇ ਸਿਰ ਦੇ ॥ ੨੨੬ ॥
ਅਸੀਂ ਗਰੀਬ ਅਸਾਂ ਦਾਵਾ ਕੇਹਾ, ਛਡਿ ਜਾਣਾ ਮੁਲਖੁ ਸਬਾਇਆ ।
ਨਾ ਕਿਛ ਏਥਹੁ ਜਾਂਦਾ ਸੁਝੈ[8], ਨ ਕੁਛ ਓਥਹੁ ਆਇਆ ।
ਮੈ ਮੇਰੀ ਕਰਿ ਮੂਰਖੁ ਮਰਦਾ, ਸਮਝੇ ਨ ਸਮਝਾਇਆ ।
ਨਾਨਕ ਪੰਥੀ ਕਹੇ ਦਰਬਾਰੀ, ਪਾਇ ਪਤਾ ਪਤੀਆਇਆ[9] ॥ ੨੨੭ ॥
ਕੇਹਾ ਮਾਣਾ[10] ਧਨ ਜੋਬਨ[11] ਦਾ, ਜਾਂਦਾ ਬਿਲਮੁ[12] ਨ ਲਾਵੈ ।
ਕੀ ਭਰਵਾਸਾ ਸਾਸਿ ਮਾਸ ਮਹਿ[13], ਆਵੈ ਕਿ ਨਾ ਆਵੈ ।
ਦੇਹਿ ਖੇਹਿ ਹੋਣੀ ਹੈ ਸਰਪਰ[14], ਕਾਹੇ ਮੂੜ੍ਹ ਬਢਾਵੈ[15] ।
ਨਾਨਕ ਪੰਥੀ ਕਹੈ ਦਰਬਾਰੀ, ਸਭੇ ਕੂੜਾਵੇ ਦਾਵੈ ॥ ੨੨੮ ॥
ਆਪੇ ਢਾਹਿ ਸਵਾਉ ਕਰੇਸੀ, ਆਪੇ ਧਰੇ ਉਸਾਰੀ ।
ਆਪੇ ਖੇਲੇ ਖੇਲਿ ਖਿਲਾਵੈ, ਆਪੇ ਪਾਸਾ[16] ਸਾਰੀ[17] ।
ਆਪੇ ਭੋਗੇ ਭੋਗ ਭੁਗਾਵੈ, ਆਪਿ ਪੁਰਖੁ ਆਪਿ ਨਾਰੀ ।
ਕਿਸੇ ਨ ਮਸਲਤਿ[18] ਮਤਾ[19] ਪਕਾਵੈ, ਤਿਸੁ ਸਰਨਿ ਪੈਆ ਦਰਬਾਰੀ ॥ ੨੨੯ ॥
ਪੁੱਛ ਨ ਸਾਜੇ ਪੁੱਛ ਨ ਢਾਹੇ, ਪੁੱਛ ਨ ਸਿਰਸਟਿ ਸਵਾਰੀ ।
ਐਸਾ ਦੂਜਾ ਕੋਇ ਨ ਕੀਤਾ, ਤਗਦੀ ਜਿਸ ਦੀ ਧਾਰੀ[20] ।
ਆਪੇ ਠਾਕੁਰ ਆਪੇ ਸੇਵਕੁ, ਕੁਦਰਤਿ ਆਪਿ ਪਸਾਰੀ ।
ਜਿਸ ਦੀ ਕੀਤੀ ਮੁੜੇ ਨ ਮੋੜੀ, ਤਿਸ ਦੀ ਸਰਨਿ ਪੈਆ ਦਰਬਾਰੀ ॥ ੨੩੦ ॥
ਆਪੇ ਇਕੁ ਅਕੇਲਾ ਸਾਹਿਬ, ਕੋਇ ਨ ਜਿਸ ਦਾ ਆੜੀ[21] ।
ਸਭੇ ਤਿਸ ਦੇ ਕੀਤੇ ਹੋਏ, ਸਭਨਾ ਨੂੰ ਦੇਹਿ ਦਿਹਾੜੀ ।
ਕੱਚੀ ਪੱਕੀ ਆਪੇ ਤੋੜੇ, ਜਿਉਂ ਮਾਲੀ ਦੀ ਵਾੜੀ[22] ।

---

1. ਆਸਰਾ । 2. ਸ਼ਰਨ । 3. ਬੰਧਨ । 4. ਸਿੱਖੀ ਰੂਪ ਕਿਸ਼ਤੀ । 5. ਬਾਰ ਬਾਰ । 6. ਮੁੜਕੇ ਚੁਰਾਸੀ ਦੇ ਚੱਕ੍ਰ ਵਿਚ ਘੁਮਾਉ । 7. ਪੱਥਰ । 8. ਦਿਸਦਾ ਹੈ । 9. ਜਾਣਕਾਰੀ ਪਾ ਕੇ ਭਰੋਸਾ ਆਇਆ । 10. ਮਾਣ । 11. ਜੁਆਨੀ । 12. ਦੇਰੀ । 13. ਸਰੀਰ ਵਿੱਚ । 14. ਬਿਨਾ ਸੰਸੇ, ਹਰ ਹਾਲਤ ਵਿਚ । 15. ਹੰਕਾਰ ਕਰਦਾ ਹੈ । 16. ਇਕ ਖੇਡ । 17. ਨਰਦ, ਡਾਲਨਾ ਅਤੇ ਮੁਹਰਾ । (ਅ) ਪਾਸਾ ਜਾਂ ਸ਼ਤਰੰਜ ਖੇਡਣ ਦਾ ਬਸਤ੍ਰ ਜਿਸ ਉਪਰ ਨਰਦਾਂ ਤੇ ਮੁਹਰੇ ਰੱਖ ਕੇ ਖੇਡੀਦਾ ਹੈ । 18. ਸਲਾਹ । 19. ਮਸ਼ਵਰਾ । 20. ਜਿਸ ਦੀ ਕੀਤੀ ਪੁਗਦੀ ਹੋਵੇ । 21. ਸ਼ਰੀਕ । 22. ਬਗੀਚੀ ।

ਜਿਸ ਦੀ ਸਾਮ[1] ਨ ਛੇੜੇ ਕੋਈ, ਮੈ ਤਿਸ ਦੀ ਸਰਨਿ ਬਬਾੜੀ[2] ॥ ੨੩੧ ॥
ਸਤਿਜੁਗ ਤ੍ਰੇਤਾ ਗਯਾ ਦੁਆਪੁਰੁ, ਕਲਿਜੁਗ ਪਹਿਰਾ ਆਂਦਾ ।
ਪਸ਼ੂਆਂ ਵਾਙੂ ਵਰਤਣਿ ਮਾਣਸਿ, ਨਾਹੀ ਕੋ ਸ਼ਰਮਾਂਦਾ ।
ਸੰਕਰ ਬਰਨਿ[3] ਭਈ ਬਹੁ ਦੁਨੀਆਂ, ਰਹਿਆ ਸਰਫੂ ਪਿਤ ਮਾਂ ਦਾ[4] ।
ਦਰਬਾਰੀ ਦਾਸਾ ਤੂ ਵੇਖੁ ਤਮਾਸਾ, ਹੁਣ ਕੀ ਕੀ ਹੁੰਦਾ ਜਾਂਦਾ ॥ ੨੩੨ ॥
ਕਲਿਜੁਗ ਕੂੜ ਕਪਟ ਵਰਤਾਰਾ, ਸਭੁ ਜਗੁ ਭਰਮ ਭੁਲਾਇਆ ।
ਸੱਚਾ ਘਾਟ ਘੜੈ ਕੋ ਕਿਕੂੰ, ਜਾ ਕੂੜੁ ਪਹਾਰਾ[5] ਪਾਇਆ ।
ਬਾਰਹ ਪੰਥ ਅਤੀਤ ਮੋਨੇਥੇ,[6] ਕਰਦੇ ਮਾਇਆ ਮਾਇਆ ।
ਕਹੁ ਦਰਬਾਰੀ ਹੁਣਿ ਕੀ ਕਰੀਏ, ਕਲਿਜੁਗ ਪਹਿਰਾ ਆਇਆ ॥ ੨੩੩ ॥
ਕਲਿਜੁਗਿ ਕੂੜੁ ਕਪਟੁ ਵਰਤਾਇਆ, ਤੇ ਸਚ ਨ ਕਿਤਹੀ ਹਿੱਸੇ ।
ਸਚੁ ਸਬਦੁ ਵੀਚਾਰ ਨ ਜਾਣਨਿ, ਜੋੜਨਿ ਕੂੜੇ ਕਿੱਸੇ ।
ਕਹਨਿ ਹੋਰੁ ਕੁਝ ਹੋਰੁ ਕਮਾਂਵਨਿ, ਪਰਪੰਚ[7] ਬਡੋ ਜਗ ਦਿੱਸੇ ।
ਦਰਬਾਰੀ ਪਿਤਾ ਜਾਤਿ[8] ਕੋਈ ਵਿਰਲਾ, ਲੋਕ ਭਏ ਬਹੁ ਮਿੱਸੇ[9] ॥ ੨੩੪ ॥
ਕਲਜੁਗ ਕੂੜ ਪਹਾਰਾ ਪਾਇਆ, ਕੂੜੇ ਘਾਟੁ[10] ਘੜੀਦਾ ।
ਸਚ ਨ ਰਾਈ ਇਕ ਰਲਾਵਨਿ, ਕੂੜ ਜੜਾਉ ਜੜੀਂਦਾ ॥
ਮਨ ਵਿਚਿ ਹੋਰੁ ਮੁਖ ਕਹਤ ਹੈ, ਕੂੜਾ ਪਾਠੁ ਪੜੀਂਦਾ ।
ਦਰਬਾਰੀ ਇਕੁ ਗਲ ਕਲੂ ਚੰਗੇਰੀ, ਕੋ ਥਾਇ ਨ ਕਿਸੇ ਕੋ ਫੜੀਂਦਾ ॥ ੨੩੫ ॥
ਰਾਈ ਤੇ ਮੇਰੁ ਮੇਰੁ ਤੇ ਰਾਈ, ਏ ਕਰਤਬ ਤੁਮਾਰੇ ।
ਸੁਭਰ[11] ਭਰੇ ਭਰੇ ਸਖਨਾਵੈ,[12] ਉਸਰੇ ਢਾਹਿ ਉਸਾਰੇ ।
ਰਾਵ ਤੇ ਰੰਕ ਰੰਕ ਤੇ ਰਾਜਾ, ਪਾਹੁਨ ਪਾਨੀ ਤਾਰੇ ।
ਦਰਬਾਰੀ ਕੁਦਰਤਿ ਕਰਨੇ ਹਾਰਾ, ਉਲਟਿ ਪੁਲਟਿ ਕਰ ਡਾਰੇ ॥ ੨੩੬ ॥
ਤਿਦਿਨਿ ਅੱਖੀ ਉਘੜਿ ਜਾਸਨਿ, ਜਾ ਹੋਵਹਿ ਰਾਹਿ ਪੰਧਾਣੂ[13] ।
ਪ੍ਰੇਤੁ ਪ੍ਰੇਤੁ ਕਹਗੁ ਸਭ ਕੋਈ, ਕੋਇ ਨ ਆਖਗੁ ਮਾਣੂ[14] ।
ਓਥੇ ਬੇਲੀ ਮਿੱਤ ਨ ਕੋਈ, ਨਾ ਕੋ ਸਾਕੁ ਸਿਞਾਣੂ[15] ।
ਦਰਬਾਰੀ ਅਗੇ ਹੋਗੁ ਨਿਬੇੜਾ, ਜਾ ਕਾਗਦ ਕਢਗੁ ਕਾਣੂ[16] ॥ ੨੩੭ ॥
ਏਥੇ ਧਨੁ ਬਹੁ ਧਾਮ ਸੁਹਾਵੈ, ਅਗੇ ਨਾਲਿ ਨ ਚਲੈ ।
ਨੰਗੀ ਪੈਰੀ ਜਾਂਦੇ ਡਿਠੇ, ਰਾਏ[17] ਮਹਤੇ[18] ਮਲੈ[19] ।
ਅਗੇ ਹੋਗੁ ਸੁਖਾਲਾ ਸੋਈ, ਸਚੁ ਸਿਦਕੁ ਜਿਨ੍ਹਾਂ ਦੇ ਪਲੈ ।

1. ਸਰਨ ਪਿਆਂ ਨੂੰ । 2. ਮੈਂ ਤਿਸ ਦੀ ਸ਼ਰਨ ਲੈਣੀ ਬਬਾੜੀ (ਕਹੀ) ਹੈ । 3. ਚਾਰ ਵਰਣਾਂ ਦੇ ਇਸਤ੍ਰੀ ਪੁਰਖਾਂ ਦੇ ਪਰਸਪਰ ਮੇਲ ਤੋਂ ਪੈਦਾ ਹੋਈ ਸੰਤਾਨ । 4. ਮਾਂ ਤੇ ਪਿਉ ਦਾ ਬਜ਼ੁਰਗੀ ਭਾਵ ਰਹਿ ਗਿਆ ਹੈ । 5. ਸੁਨਿਆਰੇ ਦਾ ਕਾਰਖਾਨਾ । 6. ਜੋਗੀਆਂ ਦੇ ਬਾਰਾਂ ਪੰਥ ਤਿਆਗੀ ਤੇ ਚੁੱਪ ਸਨ (ਪਰ ਹੁਣ ਕਲਜੁਗ ਵਿਚ ਉਹ ਵੀ) । 7. ਛਲ । 8. ਪਿਤਾ ਤੋਂ ਪੈਦਾ ਹੋਇਆ । 9. ਦੋਗਲੇ, ਬੇਰੜੇ । 10. ਘਾੜ ਭਾਵ ਗਹਿਣਾ । 11. ਲਬਾਲਬ, ਨਕੋ ਨੱਕ, । 12. ਖਾਲੀ । 13. (ਪ੍ਰਲੋਕ ਦੇ) ਰਾਹ ਦਾ ਰਾਹੀ । 14. ਮਨੁੱਖ । 15. ਪਛਾਣੂ । 12. ਕਾਨੂੰਨ ਜਾਣਨ ਵਾਲਾ ਭਾਵ ਧਰਮ ਰਾਜਾ । 17. ਰਾਜੇ । 18. ਪ੍ਰਧਾਨ, ਮੁਖੀਏ । 19. ਪਹਿਲਵਾਨ, ਤਾਕਤਵਰ ।

ਦਰਬਾਰੀ ਅਗੋਂ ਕੋਇ ਨ ਆਇਆ, ਜੋ ਸਦੁ[1] ਸੁਨੇਹਾ ਘਲੈ ॥ ੨੩੮ ॥
ਸਤਿਜੁਗ ਤ੍ਰੇਤੇ ਦੁਆਪਰਿ ਕਲਿਜੁਗ, ਉਠਿ ਉਠਿ ਗਏ ਪ੍ਰਾਣੀ ।
ਜੋ ਜੀਉ ਆਇਆ ਸੋ ਉਠਿ ਜਾਸੀ, ਜਿਉ ਪੰਖੀ ਰੈਣ ਵਿਹਾਣੀ ।
ਏਥੇ ਕੋਈ ਰਹਿਣ ਨ ਪਾਵੈ, ਉਠਿ ਜਾਸਨਿ ਚਾਰੇ ਖਾਣੀ ।
ਦਰਬਾਰੀ ਕਿਉ ਜਰ[2] ਕਰਹਿ ਇਕਠੀ, ਜਾ ਅੰਤ ਕਾਲਿ ਛਡਿ ਜਾਣੀ ॥ ੨੩੯ ॥
ਖਾਣਾ ਪੀਣਾ ਪੈ ਛਾਂਵੈ ਸਉਣਾ, ਇਹੁ ਸੁਖੁ ਕਿਤੇ ਨ ਲੇਖੇ ॥
ਰਾਮੁ ਨਾਮੁ ਰਸੁ ਸੁਆਦੁ ਨ ਆਇਓ, ਤਾ ਦੁਖ ਬਹੁਤੇ ਦੇਖੇ ।
ਸਹੰਸੇ[3] ਸੋਗ ਬਿਓਗ[4] ਲਿਤਾੜੇ, ਗ੍ਰਿਸਤਿ ਉਦਾਸੀ ਭੇਖੇ ।
ਸਦਾ ਸੁਖਾਲੇ ਈਹਾਂ ਊਹਾਂ, ਦਰਬਾਰੀ ਹਰਿ ਜਨ ਪੇਖੇ ॥ ੨੪੦ ॥
ਭੌਂਦੂ[5] ਭਾਣੇ ਗੋਹਾ ਗੁੜ ਹੈ, ਤਿਉ ਪਾਪੀ ਪਾਪੁ ਪਿਆਰਾ ।
ਮਖੀ ਕਉ ਮਲੁ[6] ਮੇਵੇ ਜੇਹੀ, ਤਿਉ ਸਾਕਤਿ ਝੂਠੁ ਅਹਾਰਾ ।
ਸੁਇਨੇ ਨੂ ਚਉਣਾ[7] ਕੀ ਕਰਸੀ, ਘਾਹੁ ਜਿਨਾ ਦਾ ਚਾਰਾ ।
ਦਰਬਾਰੀ ਭਉਰਾ ਬਾਸੁ[8] ਪਿਆਰੀ, ਤਿਉ ਸਾਧਾ ਸਚੁ ਅਧਾਰਾ ॥ ੨੪੧ ॥
ਚਿੰਤਾ ਚਿਖਾ ਤੇ ਭਾਹਿ[9] ਭਟਕਣਾ, ਨਿਸ ਦਿਨ ਜਲਤਿ ਵਿਹਾਵੈ ।
ਧੂਆਂ ਧ੍ਰੋਹ[10] ਨਿਕਸੇ ਤਿਸ ਵਿਚਹੁ, ਸੇਕੁ ਸਕਤਿ[11] ਤਨਿ ਆਵੈ ।
ਮਨਸਾ ਵਾਉ[12] ਵਗੇ ਜਿਧਿਰ ਨੂੰ, ਲੋਭੁ ਲਾਟ ਤਹ ਜਾਵੈ ।
ਬਾਲਣੁ ਬਿਉਗੁ[13] ਪਵੈ ਤਿਸੁ ਊਪਰ, ਸਦ ਹੀ ਜੋਗੁ ਜਲਾਵੈ ।
ਦਰਬਾਰੀ ਸਾਧੂ ਪਰਉਪਕਾਰੀ ਮਿਲੇ, ਤਾ ਜਲੁ ਛਿੜਕਾਵੈ ॥ ੨੪੨ ॥
ਪਿਛਲਿਆ ਪਾਪਾਂ ਦਾ ਫਲੁ ਐਥੇ, ਨੰਗ ਭੁਖ ਦੁਖ ਪਾਵੈ ।
ਅੰਧਾ ਟੁੰਡਾ ਕੁਸ਼ਟੀ ਬਧੂਆ[14], ਬਧੁਰਾ[15] ਕਾਨ[16] ਕਹਾਵੈ ।
ਅਜੇ ਭਿ ਪਾਪੀ ਸਮਝਨਿ ਨਾਹੀ, ਪਾਪਾ ਨੂੰ ਲਪਟਾਵੈ ।
ਦਰਬਾਰੀ ਨਕਲ ਨਰਕ ਦੀ ਏਥੇ, ਅਸਲੀ ਅਗੇ ਪਾਵੈ ॥ ੨੪੩ ॥
ਪੰਡਿਤ ਸਾਹਿ ਧਨਾਢਿ ਸਿਆਣੇ, ਭੋਗੀ ਜਗਤਿ ਸੁਹਾਵੈ ।
ਛਾਜਨੁ[17] ਭੋਜਨੁ ਛਤੀਹ ਬਿੰਜਨਿ,[18] ਭੋਗੈ ਅਉਰੁ ਭੁਗਾਵੈ ॥
ਪਾਪਾ ਨੂੰ ਮਨ ਲੋਚੇ ਨਾਹੀ, ਜਿਉ ਕਿਉ ਧਰਮੁ ਕਮਾਵੈ ।
ਸਭ ਕੋ ਅਦਬ ਕਰਹਿ ਤਿਸੁ ਪਾਸਹੁ, ਜਹ ਤਹ ਆਦਰੁ ਪਾਵੈ ।
ਦਰਬਾਰੀ ਨਕਲ ਸੁਰਗ ਦੀ ਸਭਿ ਸੁਖ, ਆਗੇ ਸੁਰਗ ਸਿਧਾਵੈ ॥ ੨੪੪ ॥
ਸਾਧੂ ਸੰਤ ਸੁਨੇ ਜਗ ਭੀਤਰਿ, ਜੋ ਅਹਿਨਸਿ ਨਾਮੁ ਧਿਆਵੈ ।

---

1. ਆਵਾਜ਼ ਰਾਹੀਂ । 2. ਮਾਇਆ । 3. ਸੰਸੇ । 4. ਵਿਛੋੜੇ । 5. ਪਾਗਲ। 6. ਮੈਲ, ਗੰਦਗੀ । 7. ਚੌਪਾਏ ਪਸ਼ੂਆਂ ਦਾ ਟੋਲਾ । 8. ਵਾਸ਼ਨਾ, ਸੁਗੰਧੀ । 9. ਅੱਗ। 10. ਧੋਖਾ । 11. ਮਾਇਆ ਰੂਪ ਸੇਕ । 12. ਵਾਸ਼ਨਾ ਦੀ ਹਵਾ । 13. ਵਿਛੋੜੇ ਰੂਪ । 14. ਬੰਨ੍ਹਆ ਹੋਇਆ ਭਾਵ ਕੈਦੀ । 15. ਬੋਲਾ । 16. ਕਾਣਾ । 17. ਬਸਤ੍ਰ। 18. ਭੋਜਨ ।

ਨਾਕੋ ਸੰਸਾ ਸੋਗੁ ਨ ਚਿੰਤਾ, ਨਿਸਿ ਦਿਨੁ ਹਰਿ ਗੁਣ ਗਾਵੈ ।
ਨਿੰਦਾ ਚੁਗਲੀ ਸੁਣੇ ਨ ਕਾਨਹੁ, ਹਰਿ ਜਸੁ ਸੁਣੇ ਸੁਣਾਵੈ ।
ਦਰਬਾਰੀ ਸਭ ਸੁਖ ਤਿਨਿ ਕੇ ਲੀਏ, ਆਗੇ ਮੁਕਤਿ ਸਿਧਾਵੈ ॥ ੨੪੫ ॥
ਅਖੀ ਕੁਦਰਤਿ ਕੰਨੀ ਹਰਿ ਜਸੁ, ਰਸਨਾ ਤੇ ਹਰਿ ਗਾਵੈ ।
ਮਨ ਸੰਤੋਖੁ ਦਇਆ ਸਿਵ ਧੀਰਜੁ, ਖਿੰਥਾ[1] ਖਿਮਾ ਹੰਢਾਵੈ ।
ਵੈਰੀ ਮਿਤ੍ਰ ਲੋਹਾ ਕੰਚਨੁ[2], ਸਭੁ ਇਕ ਸਮ ਦਿਸਟਾਵੈ ।
ਨਾਨਕ ਪੰਥੀ ਭਣੇ ਦਰਬਾਰੀ, ਸੋ ਜੀਵਣੁ ਮੁਕਤਿ ਕਹਾਵੈ ॥ ੨੪੬ ॥
ਜਿਨ ਡਿਠਿਆ ਮਨੁ ਨਿਰਮਲੁ ਹੋਵੇ, ਕਿਉ ਸੰਗਿ ਤਿਨਾ ਦਾ ਤਜੀਏ ।
ਐਸਾ ਕਰਮੁ ਨ ਕਰਹੁ ਭੁਲਿ ਕੈ, ਜਿਤੁ ਕੁਲ ਸਗਲਾ ਲਜੀਏ[3] ।
ਜਿਸ ਦਾ ਦਿਤਾ ਸਭੁ ਕਿਛੁ ਪਾਈਐ, ਨਾਮੁ ਤਿਸੈ ਦਾ ਭਜੀਏ ।
ਦਰਬਾਰੀ ਪੜਦਾ ਕਜੁ ਕਿਸੇ ਦਾ, ਮਤ ਤੇਰਾ ਪੜਦਾ ਕਜੀਏ ॥ ੨੪੭ ॥
ਜਿਨ੍ਹਾ ਦੇ ਪੱਲੇ ਲਖ ਕਰੋੜੀ, ਸੇ ਨੰਗੀ ਪੈਰੀ ਜਾਂਦੇ ।
ਸੀਸ ਮਹੱਲ ਸੁਨਹਿਰੀ ਜਿਨਿ ਕੈ, ਸੇ ਜਾਇ ਮਸਾਣੀ ਪਾਂਦੇ ।
ਕਰਨੀ ਪਿਛੇ ਹੋਗੁ ਨਿਬੇੜਾ, ਇਕੁ ਹਟੋਂ ਹਟਿ ਵਿਕਾਂਦੇ ।
ਦਰਬਾਰੀ ਹਰਿ ਤਜਿ ਭੋਗ ਜੁ ਭੋਗੇ, ਸੇ ਮਾਰ ਮੁਹੇ ਮੁਹਿ ਖਾਂਦੇ ॥ ੨੪੮ ॥
ਤਪ ਤੇ ਰਾਜ ਰਾਜ ਤੇ ਨਰਕਾ, ਗੁਰਮੁਖਿ ਤੇ ਹੁਣਿ ਸੁਣਿਆ ।
ਬੇਦ ਪੁਰਾਣ ਭਿ ਏਵੈਂ ਆਖਨਿ, ਅਸਾਂ ਭਿ ਏਵਿਨ ਭਣਿਆ[4] ।
ਸੰਤ ਬੇਦ ਕੀ ਕਹੀ ਨ ਮੰਨੇ, ਸੋ ਦੁਹ ਜਣਿਆਂ ਨਹੀਂ ਜਣਿਆ[5] ।
ਦਰਬਾਰੀ ਰਾਜਾ ਹੋਵੇ ਨਿਆਉ ਬੀਚਾਰੇ,
ਸੋ ਨਰਕੀ ਨਹੀ ਗਣਿਆ ॥ ੨੪੯ ॥
ਬ੍ਰਹਮਣ ਸੋ ਜੁ ਬਿਦਿਆ ਧਾਰੀ, ਤਪਸੀ ਬ੍ਰਹਮੁ ਪਛਾਣੈ ।
ਖਤ੍ਰੀ ਸੋ ਜੋ ਦਾਤਾ ਸੂਰਾ, ਮੰਨ ਮੁਖਿ[6] ਸਚੁ ਵਖਾਣੈ ।
ਵੈਂਸ ਵਪਾਰ ਕਰੇ ਸੱਤਿਆ ਦਾ[7], ਆਪਣਾ ਮਾਰਗੁ ਜਾਣੈ ।
ਦਰਬਾਰੀ ਸੂਦਰ ਸਰਮੁ ਹੰਢਾਵੈ[8], ਤਿਹੁ ਵਰਨਾ ਦੀ ਟਹਿਲ ਕਮਾਣੈ ॥ ੨੫੦ ॥
ਬ੍ਰਹਮਣੁ ਮੁਖੁ ਵਿਸਨ ਕਾ ਕਹੀਐ, ਛੱਤ੍ਰੀ ਭੁਜਾ[9] ਕਹਾਵੈ ।
ਵੈਸ ਜੰਙ[10] ਸੂਦਰੁ ਚਰਨਾ ਤੇ, ਤਲੀਆ ਨੀਚ ਸਦਾਵੈ ।
ਨੀਚ ਜਾਤਿ ਹੋਏ ਭਜੈ ਵਿਸਨ ਕੋ, ਸੋ ਸਭਨਾ ਤੇ ਲੰਘ ਜਾਵੇ ।
ਦਰਬਾਰੀ ਚਾਰੇ ਬਰਨਿ ਬਰਾਬਰਿ, ਤਿਨ ਕੈ ਕਦੇ ਨ ਆਵੈ ॥ ੨੫੧ ॥
ਭਗਤਿ ਵਛਲਿ ਕੀ ਸੁਣਹੁ ਵਡਾਈ, ਜਿਉ ਭਗਤਿ ਆਪ ਵਡੀਆਇਆ ।
ਨਾਮ ਦੇਵ ਦੀ ਗਊ ਜੀਵਾਈ, ਦੇਹੁਰਾ ਤੁਰਤੁ ਫਿਰਾਇਆ ।

---

1. ਗੋਦੜੀ । 2. ਸੋਨਾ । 3. ਸਾਰੀ ਕੁਲ ਸ਼ਰਮਿੰਦਾ ਹੋਵੇ । 4. ਏਵੇਂ ਹੀ ਕਹਿਆ ਹੈ 5. ਦੋਹਾਂ ਜਣਿਆਂ ਭਾਵ ਦੋਹਾਂ ਮਾਂ ਪਿਉ ਦਾ ਪੈਦਾ ਕੀਤਾ ਹੋਇਆ ਨਹੀਂ ਹੈ । 6. ਮਨ ਅਤੇ ਮੁਖ ਦੁਆਰਾ । 7. ਸੱਚ ਦਾ । 8. ਮਿਹਨਤ 'ਚ ਸਮਾਂ ਗੁਜ਼ਾਰੇ । 9. ਬਾਹਾਂ । 10. ਲੱਤਾਂ ।

ਬਾਬੇ ਨਾਨਕ ਨੇ ਮਕਾ ਫੇਰਿਆ, ਕਰਿ ਕੁਦਰਤਿ ਚਲਤੁ ਦਿਖਾਇਆ ।
ਨਾਨਕ ਪੰਥੀ ਜ਼ਨ ਦਰਬਾਰੀ, ਤਾ ਕੀ ਸਰਨਿ ਸਿਧਾਇਆ ॥ ੨੫੨ ॥
ਅਮਰੀਕ ਭਗਤਿ ਕਾ ਸਰਾਪੁ ਮਿਟਾਇਆ, ਆਪੇ ਗੋਬਿੰਦ ਆਇਆ ।
ਪਹਿਲਾਦ ਭਗਤਿ ਕੀ ਰਖਿਆ ਕੀਨੀ, ਨਰ ਸਿੰਘ ਰੂਪ ਵਟਾਇਆ ।
ਧ੍ਰੋਪਤਿ ਕਾ ਪ੍ਰਭ ਪੜਦਾ ਢਕਿਆ, ਚੀਰ[1] ਅਸੰਖ[2] ਵਧਾਇਆ ।
ਡੁਬਦੇ ਹਾਥੀ ਸਰਨਿ ਅਲਾਈ, ਗਰੜੁ ਛੋਡਿ ਹਰ ਆਇਆ ।
ਦਰਬਾਰੀ ਇਤਿ ਕਹਿ ਕਰਨੇਹਾਰੇ, ਸਰਨਿ ਸੂਰ ਸਦਵਾਇਆ ॥ ੨੫੩ ॥
ਨਰਸੀ ਦੀ ਪ੍ਰਭ ਹੁੰਡੀ ਤਾਰੀ, ਸਾਵਲ ਸਾਹੁ ਸਦਾਇਆ ।
ਧੰਨੇ ਦੀ ਪ੍ਰਭ ਗਊ ਚਰਾਈ, ਰੂਪ ਜੈਦੇਉ[3] ਬਨਾਇਆ ।
ਕਵਤਾ ਸੁਧੁ ਕਰੀ ਪਰਮੇਸੁਰੁ, ਅਛਰੁ ਆਪ ਲਿਖਾਇਆ ।
ਨਾਨਕ ਪੰਥੀ ਭਣੇ ਦਰਬਾਰੀ, ਭਗਤਿ ਵਛਲ ਬਿਰਦਾਇਆ[4] ॥ ੨੫੪ ॥
ਪੰਡਿਤ ਸਾਹ ਧਨਾਢਿ ਪਿਛਾਰਾ, ਨਾਮੇ ਦਰਸਨੁ ਪਾਇਆ ।
ਪੀਪੇ ਕੀ ਪਤਿ ਆਪੇ ਰਾਖੀ, ਸੈਨ ਰੂਪ ਬਨਿ ਆਇਆ ।
ਰਮਦਾਸ[5] ਰਾਮ ਕਉ ਖਰਾ ਪਿਆਰਾ, ਪਾਹਨ ਨਦੀ ਤਰਾਇਆ ।
ਸਧਨੇ ਦੀ ਪਰਤਗਿਆ ਰਾਖੀ, ਗਊ ਤੇ ਬੈਲ ਕਰਾਇਆ ।
ਦਰਬਾਰੀ ਪਤਿ ਭਗਤਾ ਕੀ ਆਪੇ, ਹਰਿ ਪ੍ਰਭੁ ਰਖਦਾ ਆਇਆ ॥ ੨੫੫ ॥
ਕਰਤੇ ਕੀ ਮਿਤਿ[6] ਕਰਤਾ ਜਾਣੈ, ਅਉਰੁ ਨ ਜਾਣੈ ਕੋਈ ।
ਜਿਨਾ ਬਖਸੇ ਕਰੇ ਰਜਾਈ[7], ਤਿਨਿ ਦਰਿ ਦੇਵੈ ਢੋਈ[8] ।
ਜਿਸ ਕੀ ਕੁਦਰਤਿ ਸੋਈ ਜਾਣੈ, ਕਰੇ ਕਰਾਵੈ ਸੋਈ ।
ਨਾਨਕ ਪੰਥੀ ਭਣੇ ਦਰਬਾਰੀ, ਹੋਣੀ ਸੀ ਸਾ ਹੋਈ ॥ ੨੫੬ ॥
ਬਾਬੇ ਨਾਨਕ ਕਉ ਮਕਾ ਫਿਰਿਆ, ਆਪਿ ਖੁਦਾਇ ਫਿਰਾਇਆ ।
ਸੂਰਜ ਸਉਹੀ[9] ਛਾਇਆ ਠਹਿਰੀ, ਉਜੜੁ ਖੇਤੁ ਜਮਾਇਆ[10] ।
ਕਉਤਕ ਕੀਤੇ ਕਈ ਅਨੇਕਾ, ਹਾਥੀ ਮੂਆ ਜੀਵਾਇਆ ।
ਨਾਨਕ ਪੰਥੀ ਜਨੁ ਦਰਬਾਰੀ, ਸਰਨਿ ਤੁਮਾਰੀ ਆਇਆ ॥ ੨੫੭ ॥
ਕੂੜੀ ਮੀਚੀ ਖੇਡ ਮਚਾਈ, ਮਿਥਿ ਬੈਠਾ ਸਚ ਮਿਚਾਲੀ[11] ।
ਸਭਨਾ ਦੇ ਮਨ ਅੰਦਰਿ ਏਹਾ, ਮੈਂ ਸਭਾ ਡਿਠੀ ਭਾਲੀ ।
ਪੰਡਤ ਮੁਲਾਂ ਪੜਿ ਪੜਿ ਆਖਨਿ, ਆਖਣਿ ਮੁਖਹੁ ਸੁਖਾਲੀ ।
ਦਰਬਾਰੀ ਏਹੁ ਜੀਉ ਤਾਹੀ ਜਾਣਗੁ, ਜਾ ਜਮੁ ਦੇਗੁ ਦਿਖਾਲੀ ॥ ੨੫੮ ॥
ਪਹਿਲਾ ਲਿਖਿਆ ਪਿਛਹੁ ਕੀਤਾ, ਫਿਰਿ ਮਾਰ ਅਸਾਨੂ ਹੋਈ ।
ਜੇ ਲਿਖਿਆ ਤੇਰਾ ਕਰੀਏ ਨਾਹੀ, ਤਾਂ ਦਰਿ ਮਿਲੇ ਨ ਢੋਈ ॥

---

1. ਕਪੜਾ ਭਾਵ ਸਾੜੀਆਂ । 2. ਅਣਗਿਣਤ । 3. ਜੈ ਦੇਵ ਭਗਤ ਦਾ ਰੂਪ । 4. ਭਗਤਾਂ ਦਾ ਪਿਆਰਾ ਸੁਭਾਵ ਪ੍ਰਗਟ ਕੀਤਾ । 5. ਟਵਿਦਾਸ ਭਗ਼ਤ । 6. ਮਟਯਾਦਾ । 7. ਆਗਿਆ । 8. ਆਸਰਾ । 9. ਸਾਹਮਣੇ । 10. ਹਰਾ ਕਰ ਦਿੱਤਾ । 11. ਸੰਸਾਰ ਝੂਠੀ ਲੁਕਣਮੀਚੀ ਦੀ ਖੇਡ ਪਰਮੇਸ਼ਰ ਨੇ ਰਚੀ ਸੀ । ਪਰ ਇਹ ਜ਼ੀਵ ਇਸ ਨੂੰ ਸੱਚੀ ਲੁਕਣਮੀਚੀ ਮੰਨ ਬੈਠਾ ।

ਸਭਨੀ ਗਲੀ ਅਸੀਂ ਹੀ ਝੂਠੇ, ਤੂੰ ਸਦਾ ਹੀ ਸਚਾ ਸੋਈ ।
ਦਰਬਾਰੀ ਏਹ ਗਲ ਤਾਂ ਹੀ ਜਾਪੇ, ਦੂਜਾ ਹੋਵੇ ਕੋਈ ॥ ੨੫੯ ॥
ਨਿਰਗੁ[1] ਕਿਰਲਾ ਠਘ ਸਰਪ ਬਨਾਇਆ, ਸਿਆਮ ਸੁੰਦਰ ਨਰਕਿ ਪਠਾਇਆ ।
ਅਜਾਮਲੁ ਗਨਿਕਾ ਮੁਕਤਿ ਪਠਾਏ, ਏਹੁ ਨਿਆਉ ਕਰਾਇਆ ।
ਪੰਡਤਿ ਪਾਂਧੇ ਕਾਜੀ ਮੁਲਾਂ, ਤੇਰਾ ਮਰਮ[2] ਨ ਪਾਇਆ ।
ਦਰਬਾਰੀ ਓਹਿੰਦੀ ਓਹੋ ਜਾਣੈ, ਜਿਨਹੂ ਖੇਲ ਰਚਾਇਆ ॥ ੨੬੦ ॥
ਮਹੰਮਦ ਜੇਹੇ ਯਾਰ ਖੁਦਾਈ[3], ਭਇਆ ਕਬਰ ਵਿਚ ਵਾਸਾ ।
ਉਸ ਦੇ ਪੁਤੁ ਨ ਪੋਤ੍ਰਾ ਕੋਈ, ਯਾਰ ਕਹਾਵੈ ਖਾਸਾ[4] ।
ਮੂਸੇ ਨੂੰ ਚਾਇ ਮਉਤਿ ਦਿਖਾਈ, ਪਇਓ ਬਹੁਤੁ ਤ੍ਰਾਸਾ ।
ਦਰਬਾਰੀ ਕੀਤੀ ਮੁੜੇ ਨ ਜਿਸਦੀ, ਤਿਸ ਦਾ ਕੀ ਭਰਵਾਸਾ ॥ ੨੬੧ ॥
ਇਬਰਾਹੀਮ ਥੋ ਪੁਤੁ ਕੁਹਾਇਓ, ਕਉਣ ਕਹੇ ਕੀ ਕੀਤੋ ।
ਸਮਸ ਤਉਰੇਜ[5] ਦੀ ਖੱਲ ਕਢਾਈ, ਦਿਤਾ ਕਢ ਮਸੀਤੋ ।
ਜਿਕਰੀਏ[6] ਸਿਰਿ ਕਰਵਤੁ ਧਰਾਇਆ, ਹੋਇ ਰਹਿਆ ਚੁਪ ਕੀਤੋ ।
ਸਿਲੇਮਾਨ[6] ਥੋ ਭਠ ਝੁਲਕਾਇਆ, ਰਹਿਆ ਨ ਕੋਈ ਮੀਤੋ ।
ਸਾਬਰ[7] ਦੇ ਤਨਿ ਕੀੜੇ ਪਾਇਆ, ਮਨਸੂਰ ਸੂਲੀ ਚਾਇ ਦੀਤੋ ।
ਦਰਬਾਰੀ ਸਖਣਿਆ ਨੂੰ ਭਰਦਾ, ਭਰਿਆ ਕਰਦਾ ਰੀਤੋ[8] ॥ ੨੬੨ ॥
ਸਮੁੰਦ੍ਰ ਪਿਤਾ ਭਿਰਾਉ ਧਨੰਤ੍ਰ, ਬਿਸ਼ਨ ਜਿਸੇ ਬਹਿਣੋਈ ।
ਸਿਵ ਸੀਗਾਰ[9], ਅੰਮ੍ਰਿਤ ਦਾ ਘਰੁ, ਲਛਮੀ ਬਹਿਣ ਜਿਸੋਈ ।
ਸੁਰ ਜੀਵਨ ਅਰੁ ਤਾਰਿਓ ਕੀ ਪਤਿ, ਸਗਲ ਜਗਤ ਜਿਸੁ ਲੋਈ[10] ।
ਦਰਬਾਰੀ ਰੇਖ[11] ਨ ਕਿਨੇ ਮਿਟਾਈ, ਹੋਣੀ ਸੀ ਸਾ ਹੋਈ ॥ ੨੬੩ ॥
ਕੂਕੇ ਸਬਦ ਨ ਸਮਝੇ ਮੂਰਖੁ, ਸੁਣਿ ਥੱਕੇ ਅਕੱਥ ਕਹਾਣੀ ।
ਓਤਿ ਕੁਹਾੜੀ ਓਹੋ ਵਹਿਆਂ, ਸਮਝਾਵਤਿ ਅਉਧ ਵਿਹਾਣੀ ।
ਉਠਿ ਨਠੇ ਕਾਲੇ ਆਇ ਬੈਠੇ ਧਉਲੇ, ਇਹੁ ਭੇਜੀ ਮਉਤਿ ਨੀਸਾਣੀ ।
ਦਰਬਾਰੀ ਅਜੇ ਭਿ ਸਮਝਹ ਨਾਹੀ, ਏਹ ਕੀ ਕੁਦਰਤਿ ਵਾਣੀ[12] ॥ ੨੬੪ ॥
ਏਹੁ ਮਨੁ ਵਿਣਝੀ[13] ਤਾਣੀ ਜੇਹਾ, ਕਉਣੁ ਸੋਥਣਾ ਸੋਥੇ[14] ।
ਵਰਮੀ ਮਾਰੀ ਸਾਪ ਨ ਮਰਸੀ, ਧਾਨ ਕੁਟੇ ਜਿਉ ਥੋਥੇ[15] ।
ਓਥੇ ਕੀਆ ਐਥੇ ਆਇਆ, ਐਥੇ ਕਰਹੁ ਸੁ ਉਥੇ ।
ਦਰਬਾਰੀ ਸਾਧ ਕਹਨਿ ਸਿਰ ਮਾਥੇ ਉਪਰ, ਪਰੁ ਓਹੁ ਪਰਨਾਲਾ ਓਥੇ ॥ ੨੬੫ ॥

1. ਨਿਰਘ, ਨਿਰਦੋਸ਼ । 2. ਭੇਦ । 3. ਖੁਦਾ ਦੇ ਯਾਰ । 4. ਆਪ । 5. ਸ਼ਮਸ ਤਬਰੇਜ਼ । 6. ਇਕ ਪ੍ਰਸਿੱਧ ਪੈਗੰਬਰ । 7. ਹਜ਼ਰਤ ਅਯੂਬ ਦਾ ਲਕਬ । 8. ਖਾਲੀ । 9. ਸ਼ਾਂਤੀ ਦਾ ਗਹਿਣਾ । 10. ਦੇਵਤਿਆਂ ਦਾ ਜੀਵੰਨ, ਤਾਰਿਆਂ ਦੀ ਇਜ਼ਤ ਤੇ ਸਾਰੇ ਜਗਤ ਵਿਚ ਜਿਸ ਦਾ ਚਾਨਣ ਹੈ ਭਾਵ ਚੰਦ੍ਰਮਾ। 11. ਕਰਮਾ ਦੀ ਲਿਖਤ ਭਾਵ ਕਲੰਕ । 12. ਬਣਾਵਟ । (ਅ) ਆਦਤ । 13. ਉਲਝੀ । 14. ਸੁਲਝਾਉਣਾ ਸੁਲਝਾਏ । 15. ਖਾਜੀ ਭਾਵ ਚਉਲਾਂ ਦਾ ਛਿਲਕਾ ।

ਕਿਉਂ ਦਰਬਾਰੀ ਸਮਝਹਿ ਨਾਹੀ, ਭਇਆ ਸਵੇਰਹੁ ਸੋਤਾ[1] ।
ਮੁਖ ਤੇ ਬੋਲਹਿ ਕਥਾ ਕਹਾਣੀ, ਬਿਕਰਮੀ[2] ਜੀਉ ਪਰੋਤਾ ।
ਭਰਮੁ ਨ ਛੋਡਹਿ ਕਰਮੁ ਨ ਛੋਡਹਿ, ਜਿਉ ਨਲਨੀ[3] ਬਾਂਧਾ ਤੋਤਾ ।
ਤੂੰ ਅਖੀਂ ਮੀਟ ਅੰਧੇਰਾ ਕਰਦਹ, ਪਰੁ ਅਗੈ ਖੂਹ ਖਲੋਤਾ ॥ ੨੬੬ ॥
ਕਿਉ ਦਰਬਾਰੀ ਡਿਠੋ ਕਉਤਕੁ, ਆਪਨੜੇ ਮਨ ਕੇਰਾ ॥
ਏਥੇ ਏਹਿਦਾ ਕੁਛ ਭੀ ਨਾਹੀ, ਏਹਿ ਆਖੇ ਸਭੁ ਕੁਛ ਮੇਰਾ ।
ਪੁਰਾਣ ਅਠਾਰਹ ਕਹ ਕਹ ਹਾਰੇ, ਸਮਝਾਵੈ ਗੁਰੂ ਬਹੁਤੇਰਾ ।
ਦਰਬਾਰੀ ਏਹੁ ਜੀਉ ਤਾਹੀ ਜਾਣਗੁ, ਛਾਡਿ ਚਲਗੁ ਜਦ ਡੇਰਾ ॥ ੨੬੭ ॥
ਆਂਢਿ ਗੁਆਂਢੀ ਜਾਂਦੇ ਦਿਸਨਿ, ਮਿਤ੍ਰ ਪਿਆਰੇ ਮੇਲੀ ।
ਐਥੇ ਕੋਈ ਰਖਿ ਨ ਸਕੇ, ਅਗੇ ਕੋਇ ਨ ਬੇਲੀ[4] ।
ਨ ਕੋ ਹੋਵਗੁ ਸਖਾ ਸਹਾਈ, ਨ ਕੋ ਸਖੀ ਸਹੇਲੀ ।
ਦਰਬਾਰੀ ਏਹੁ ਤਦਿ ਪਛੋਤਾਵਗੁ, ਜਾ ਜਾਵਗੁ ਜਿੰਦੁ ਅਕੇਲੀ ॥ ੨੬੮ ॥
ਕਿਉ ਦਰਬਾਰੀ ਸਮਝਹਿ ਨਾਹੀ ਆਖਰ ਅਉਖਾ ਹੋਵਹਿ ।
ਕਉਡੀ ਬਦਲੇ ਲਾਲੁ ਗਵਾਵਹਿ, ਜਨਮੁ ਅਮੋਲਕੁ ਖੋਵਹਿ ।
ਅਮੀ ਸੀਂਦਕੀ[5] ਘਰ ਮਹਿ ਛੋਡਹਿ, ਬਿਖੁ[6] ਮਹਿਗੀ ਲੈ ਬੋਵਹਿ[7] ।
ਦਰਬਾਰੀ ਲੇਖੇ ਨੂੰ ਜਬ ਫੜੀਅਹਿ, ਤਬ ਕਉਣੁ ਜਾਮਨੁ ਲੈ ਢੋਵੈ ॥ ੨੬੯ ॥
ਕਿਉ ਦਰਬਾਰੀ ਲਗਹਿ ਨ ਆਖੇ, ਫਿਰਿ ਪਾਛੈ ਪਛਤਾਵਹਿ ।
ਰਹਿਣੀ ਬਾਝਹੁ ਕਹਣੀ ਕੱਚੀ, ਕੂੜੀ ਕੂੜੀ ਗਾਵਹਿ ।
ਪੱਥ[8] ਬਿਨਾ ਜੇ ਅਉਖਧ[9] ਖਾਧੇ, ਕਿੰਕੂ ਰੋਗ ਗਵਾਵਹਿ ।
ਦਰਬਾਰੀ ਰਾਮ ਈਆਣਾ ਨਾਹੀ, ਜੋ ਕਰ ਠਗੀ ਪਰਚਾਵਹਿ ॥ ੨੭੦ ॥
ਕੰਨੀ ਸੁਣਹਿ ਤੇ ਅਖੀ ਵੇਖਹਿ, ਜਾਣ ਬੁਝ ਭਇਓ ਬਉਰਾ ।
ਬੇਦ ਪੁਰਾਨ ਕਤੇਬਾ ਕੂਕਨਿ, ਕਿਉ ਮਨ ਘਤਹਿ ਰਉਰਾ[10] ।
ਤਿਦਨਿ ਪਛੋਤਾਵਨਿ ਲਗਹਿ, ਛੋਡਿ ਚਲਹਿ ਜਬ ਠਉਰਾ[11] ।
ਦਰਬਾਰੀ ਮਿਠਾ ਕਰਿ ਕੇ ਭੋਗਹਿ, ਸੁ ਅੰਤ ਹੋਇਗਾ ਕਉਰਾ ॥ ੨੭੧ ॥
ਅਧਮ ਉਧਾਰਨੁ ਨਾਮੁ ਤੁਮਾਰਾ, ਪਤਿਤਾਂ ਨੂੰ ਪਾਵਨ ਕਰਦਾ ।
ਤੈ ਪਾਨੀ ਉਪਰ ਪੱਥਰ ਤਾਰੇ, ਤਾ ਮੈ ਕਿਉ ਨਹੀਂ ਤਰਦਾ ।
ਜੇ ਪਾਹਨ ਪਾਸਹੁ ਹਾਂ ਹੌਂ ਭਾਰਾ, ਤਾਂ ਹਰਿ ਪਾਪਾਂ ਨੂੰ ਹਰਿਦਾ[12] ।
ਨਾਨਕ ਪੰਥੀ ਭਣੇ ਦਰਬਾਰੀ, ਭਰਵਾਸਾ ਰੁਕਮਨਿ ਵਰ ਦਾ[13] ॥ ੨੭੨ ॥

---

1. ਸੁੱਤੇ ਨੂੰ ਸਵੇਰਾ ਹੋ ਗਿਆ ਹੈ ਭਾਵ ਬੁਢੇਪਾ ਆ ਗਇਆ ਹੈ । 2. ਖੋਟੇ ਕਰਮਾਂ ਵਿਚ । 3. ਨਲਕੀ ਜਿਸ ਨਾਲ ਤੋਤਾ ਫੜੀਦਾ ਹੈ । 4. ਮਿੱਤ੍ਰ । 5. ਅੰਮ੍ਰਿਤ ਜੋ ਸ੍ਵੈ (ਆਪਣਾ) ਧਨ ਹੈ । [ਸੀਂਦਕੀ—ਆਪਣਾ ਧਨ, ਬਿਨਾ ਮੁੱਲ, ਮੁਫਤ] । 6. ਜ਼ਹਰ, ਵਿਹੁ । 7. ਬੀਜਦਾ ਹੈ । 8. ਪਰਹੇਜ਼ । 9. ਦਵਾਈ । 10. ਰੋਲਾ ਪਾਉਂਦਾ ਹੈ । 11. ਟਿਕਾਣਾ, ਘਰ ਜਾਂ ਸੰਸਾਰ । 12. ਨਾਸ ਕਰਦਾ । 13. ਰੁਕਮਣੀ ਦੇ ਪਤੀ ਭਾਵ ਕ੍ਰਿਸ਼ਨ ਦਾ ।

ਨ ਮੈ ਸੇਵਾ ਭਗਤਿ ਕਮਾਈ, ਨਾ ਸਿਮਰਨੁ ਕੀਤਾ ਹਰਿ ਦਾ ।
ਪਾਪਾ ਦੇ ਵਿਚਿ ਅਉਧ ਵਿਹਾਣੀ, ਇਤਿ ਬਿਧਿ ਜੀਅੜਾ ਡਰਿਦਾ ।
ਤੂੰ ਦੇਖਹਿ ਮੈ ਪਾਪ ਕਮਾਵਾਂ, ਡਰਿਦਾ ਅਰਜੁ ਨ ਕਰਦਾ ।
ਨਾਨਕ ਪੰਥੀ ਭਣੇ ਦਰਬਾਰੀ, ਭੀ ਭਰਵਾਸਾ ਹਰਿ ਦਾ ॥ ੨੭੩ ॥
ਤੂੰ ਪੜਦੇ-ਪੋਸ[1] ਸੁਣੀਦਾ ਆਹਾ, ਫੋਲੁ ਨ ਐਬ ਹਮਾਰ ।
ਤੂੰ ਬਖਸਿੰਦੁ ਸਦਾ ਸੁਖਦਾਇਕ, ਅਸੀਂ ਬਹੁ ਬਿਧਿ ਅਉਗਣਿਆਰੇ ।
ਅਸੀਂ ਪੁਰੁ ਗੁਨਾਹੁ ਤੂੰ ਰਹਮ ਦਰੀਆਉ, ਅਬ ਧੋਵਹੁ ਅਉਗੁਣ ਸਾਰੇ ।
ਨਾਨਕ ਪੰਥੀ ਕਿਆ ਇਕੁ ਦਰਬਾਰੀ, ਤੈਂ ਬਹੁਤੇ ਪਤਿਤ ਉਧਾਰੇ ॥ ੨੭੪ ॥
ਤੂੰ ਪੜਦੇ-ਪੋਸੁ ਸੁਣੀਦਾ ਆਹਾ ਕਾਟਹੁ ਅਉਗੁਣ ਮੇਰੇ ।
ਤੂੰ ਸਰਪੋਸ਼[2] ਸਰਬ ਸਿਰਿ ਢੱਕਣੁ, ਅਉਗਣ ਮੇਟੁ ਸਵੇਰੇ ।
ਤੂੰ ਹੈਂ ਸਜਣੁ ਪੜਦੇ ਕਜਣੁ, ਮੈ ਭਰਵਾਸੇ ਤੇਰੇ ।
ਨਾਨਕ ਪੰਥੀ ਕਰੀ ਬਿਨੰਤੀ, ਅਭੈ ਰਾਮ ਦੇ ਚੇਰੇ ॥ ੨੭੫ ॥
ਅਮਰੀਕ ਬਤਾਇਆ ਤਾ ਤੂੰ ਆਇਆ, ਦਸ ਅਉਤਾਰ ਧਰਾਇਆ ॥
ਪ੍ਹਿਲਾਦ ਬਚਾਇਆ ਹਰਨਾਖਸ ਘਾਇਆ[3], ਸਰਣੀ ਸੂਰੁ ਕਹਾਇਆ[4] ॥
ਹੀਹਾ ਗੁਹਰਾਇਆ[5] ਸਰਨੀ ਆਇਆ, ਤੈ ਤਿਸ ਦਾ ਜਨਮੁ ਵਟਾਇਆ ॥
ਬਾਲਕੁ ਬਲੁ ਦੀਆ ਬਲੁ ਕਰਿ ਲੀਆ, ਸੋ ਬਾਲਕ ਕਰਦੰਨ ਘਾਇਆ[6] ॥
ਹਾਥੀ ਕਢਿ ਲੀਆ ਡੁਬਣਿ ਨ ਦੀਆ, ਤੂ ਪੈਰ ਪੈਆਦੋ[7] ਧਾਇਆ ॥
ਨਾਨਕ ਪੰਥੀ ਜਨੁ ਦਰਬਾਰੀ, ਸੁਣਿ ਕਰਣੀ ਸਰਣੀ ਆਇਆ ॥ ੨੭੬ ॥
ਬਿਦਰ ਘਰ ਆਇਆ ਭਗਤੁ ਵਡੀਆਇਆ, ਸੁਦਾਮੇ ਕਾ ਦਲਿਦ੍ਰ ਗਵਾਇਆ ।
ਕੰਬੀਰੁ ਘਰਿ ਆਇਆ ਜਗੁ ਕਰਾਇਆ, ਧੰਨੇ ਦਾ ਵਗ ਚਰਾਇਆ ।
ਗਊ ਜੀਵਾਈ ਛੰਨ ਬੰਨਾਈ, ਦੇਹੁਰਾ ਤੁਰਤ ਭਵਾਇਆ[8] ॥
ਕੋਲੀ ਕੰਨਿਆ[9] ਮੁਕਤਿ ਪਠਾਏ, ਤੇਰਾ ਭੇਖ ਬਣਾਇਆ[10] ।
ਨਾਨਕ ਪੰਥੀ ਜਨ ਦਰਬਾਰੀ, ਸੁਣਿ ਕਰਣੀ ਸਰਣੀ ਆਇਆ ॥ ੨੭੭ ॥
ਸੂਰੁ[11] ਸਲਾਹਿ ਕਰੇ ਇਕਸੇ ਦੀ, ਕਾਨ੍ਹ ਗੋਪੀਆਂ ਝੇੜਾ ॥
ਨਿਰਗੁਣ ਸਰਗੁਣੁ ਏਕ ਪਛਾਤਾ, ਵਿਚਹੁ ਗਇਆ ਦੁਤੇੜਾ[12] ॥
ਸਭ ਘਟ ਅੰਤਰਿ ਸਰਬ ਨਿਰੰਤਰ, ਜਾਤਾ ਨੇੜਿਹੁ ਨੇੜਾ ।
ਦਰਬਾਰੀ ਭਵਜਲ ਪਾਰ ਕਰਨ ਨੂੰ, ਸੂਰ ਬੰਧਾਇਆ ਬੇੜਾ[13] ॥ ੨੭੮ ॥
ਹਰੀਏ ਬਾਲੇ[14] ਸਚੁ ਪਛਾਤਾ ਹਰਿ ਕੀ ਭਗਤਿ ਕਮਾਈ ॥

---

1. ਪੜਦੇ ਢਕਣ ਵਾਲਾ । 2 ਸਿਰ ਢਕਣ ਵਾਲਾ । 3. ਮਾਰਿਆ । 4. ਸਰਨੀ ਆਇਆਂ ਦੀ ਰਖਿਆ ਕਰਨ ਵਾਲਾ ਸੂਰਮਾ । 5. ਹੀਹਾ ਨਾਮ ਦਾ ਭਗਤ ਪੁਕਾਰਿਆ । 6. ਕਿਰਪਾਨ ਨੇ ਨ ਵਢਿਆ । 7. ਪੈਰਾਂ ਨਾਲ ਪੈਦਲ । 8. ਨਾਮਦੇਵ ਭਗਤ ਵਲ ਇਸ਼ਾਰਾ ਹੈ । 9. ਅਛੂਤ ਲੜਕੀ ਭਾਵ ਭੀਲਣੀ । 10. ਰਾਜੇ ਦੀ ਲੜਕੀ ਲਈ ਜਿਸ ਨੇ ਤੇਰਾ ਰੂਪ ਬਣਾਇਆ ਸੀ । 11. ਭਗਤ ਸੂਰਦਾਸ । 12. ਦੂਜਾ ਭਾਵ । 13. ਸੂਰਦਾਸ ਭਗਤ ਨੇ ਸੂਰਸਾਗਰ ਗ੍ਰੰਥ ਰਚ ਕੇ ਬੇੜਾ ਬੰਨ੍ਹਾਇਆ । 14. ਹਰੀਆ ਤੇ ਬਾਲਾ ਦੋ ਜੱਟ ਭਗਤ ਜੋ ਮਿਹਰਵਾਨ ਦੇ ਚੇਲੇ ਹੋਏ ਇਨ੍ਹਾਂ ਤੋਂ ਦੀਵਾਨਾ ਪੰਥ ਚਲਿਆ ।

ਰਜਨੀ ਸਜਨੀ[1] ਸਕੀਆ ਭੈਣਾ, ਰੰਕਾ ਬੰਕਾ ਭਾਈ[2] ॥
ਸਾਹਿਬ ਇਕਸ ਕਿਸੇ ਦਾ ਨਾਹੀ, ਸਭਨਾ ਸਾਝਾ ਸਾਈ ॥
ਪਿਛੈ ਉਧਰੇ ਬਹੁਤ ਉਧਾਰੇ, ਹੁਣਿ ਦਰਬਾਰੀ ਦੀ ਕਰੁ ਕਾਈ[3] ॥ ੨੭੯ ॥
ਮੀਰਾਂ ਬਾਈ[4] ਭਗਤਿ ਕਮਾਈ, ਉਧਰੀ ਕਰਮਾ ਬਾਈ[4] ॥
ਰਜਨੀ ਸਜਨੀ ਭਈ ਪਵਿਤ੍ਰ, ਪਾਈ ਥਾਇ ਕਮਾਈ ।
ਅਜਮਲ ਗਨਿਕਾ ਵੇਸਵਾ ਪਿੰਗਲਾ[5], ਸਭਾ ਪਾਰ ਲੰਘਾਈ ।
ਨਾਨਕ ਪੰਥੀ ਭਣੇ ਦਰਬਾਰੀ, ਪ੍ਰਭ ਚੰਗੀ ਬੇੜੀ[6] ਲਾਈ ॥ ੨੮੦ ॥
ਗੋਕਲ ਚੰਦੁ[7] ਮੁਕੰਦੁ ਮਨੋਹਰੁ, ਮੈ ਤਿਸ ਦੀ ਪਨਹ[8] ਤਕਾਈ ॥
ਅਉਰੁ ਨ ਕਾਈ ਓਟ ਅਸਾਨੂੰ, ਅਸਾ ਏਕਾ ਹੀ ਲਿਵ ਲਾਈ ॥
ਭਾਵੈ ਬਖਸੇ ਭਾਵੈ ਮਾਰੇ, ਉਸ ਨੂੰ ਲਾਜ ਵਡਾਈ ।
ਨਾਨਕ ਪੰਥੀ ਭਣੇ ਦਰਬਾਰੀ, ਉਹ ਸਰਨੀ ਸੂਰੁ[9] ਗੁਸਾਈ ॥ ੨੮੧ ॥
ਤੂ ਕਰਤਾ ਪੁਰਖੁ ਕਰੀਮ ਗੁਸਾਈ, ਮੈ ਕੀਤਾ ਹੋਇਆ ਤੇਰਾ ।
ਜਿਉ ਧ੍ਰੋਪਤਿ ਕਾ ਪੜਦਾ ਢਕ ਲੀਤਾ, ਤਿਉ ਢਕ ਲੈ ਪੜ੍ਹਦਾ ਮੇਰਾ ।
ਜੇ ਮੈ ਭੁਲਾ ਤਾ ਫੇਰ ਤੁਸਾਡਾ, ਹੋਰ ਨਾਹੀ ਕਿਸਿ ਕੇਰਾ ।
ਨਾਨਕ ਪੰਥੀ ਭਣੇ ਦਰਬਾਰੀ, ਤੂ ਸਾਹਿਬੁ ਮੈ ਚੇਰਾ ॥੨੮੨ ॥
ਤੇਰਾ ਕੀਤਾ ਮੈ ਜਾਤੋ ਨਾਹੀ, ਮੈਂ ਮੂਰਖੁ ਲੂਣ ਹਰਾਮੀ ।
ਤੇਰੇ ਗੁਣ ਬਹੁਤੇ ਮੈ ਇਕੁ ਨ ਜਾਤਾ, ਮੈ ਏਹਾ ਵਡੀ ਖੁਨਾਮੀ[10] ।
ਤੁਮ ਪ੍ਰਭ ਊਚੇ ਕੋਇ ਨ ਪਹੂਚੇ, ਮੇਰੀ ਮਤਿ ਗੁਲਾਮੀ ।
ਜੇ ਤੂ ਬਖਸਹਿ ਤਾਂ ਕੋਇ ਨ ਪੂਛੇ, ਦਰਬਾਰੀ ਹੋਇ ਅਨਾਮੀ[11] ॥ ੨੮੩ ॥
ਮੇਰੀ ਗਾਲ ਉਲ੍ਹਾਮਾ ਤੈਨੂੰ, ਨਾਉ ਪਇਆ ਜਗ ਤੇਰਾ ।
ਮੰਦਾ ਕੁਤਾ ਗਾਲ ਖਸਮ ਨੂੰ, ਪਰ ਖਾਵੰਦ[12] ਵਡਾ ਜੇਰਾ ।
ਜੇ ਪੂਤੁ ਕਪੂਤੁ ਤਾ ਲਾਜ ਪਿਤਾ ਨੂੰ, ਕਹਿੰਦਾ ਲੋਕ ਘਨੇਰਾ ।
ਨਾਨਕ ਪੰਥੀ ਭਣੇ ਦਰਬਾਰੀ, ਤਿਉ ਕਰ ਖਸਮਾਨਾ[13] ਮੇਰਾ ॥ ੨੮੪ ॥
ਗੋਲੇ ਦੀ ਪਰਕਿਰਤਿ[14] ਸੁਣੀ ਹੈ, ਸੋ ਕਰੇ ਜੁ ਧਣੀ[15] ਕਰਾਵੈ ।
ਸਾਹਿਬ ਦੀ ਪਰਕਿਰਤਿ ਅਜੇਹੀ, ਦੂਜੇ ਤੇ ਨ ਝਿੜਕਾਵੈ ।
ਗੋਲੇ ਨੂੰ ਫਿਰ ਖਸਮ ਨ ਤ੍ਰਾਹੇ[16], ਜੇ ਗੋਲਾ ਕੰਮ ਗਵਾਵੈ ॥
ਤੂ ਸਾਹਿਬ ਮੈ ਗੋਲਾ ਤੇਰਾ, ਦਰਬਾਰੀ ਆਖਿ ਸੁਣਾਵੈ ॥ ੨੮੫ ॥
ਜੇ ਪਿਤਾ ਪੁਤ੍ਰ ਨੂੰ ਪਾਲੇ ਨਾਹੀ, ਤਾ ਕਿਸੁ ਦਾ ਪੁਤੁ ਕਹਾਵੈ ।

---

1. ਦੋ ਭਗਤਨੀਆਂ । 2. ਭਗਤ ਤੇ ਭਗਤਣੀ । ਰੰਕਾ ਪਤੀ ਤੇ ਬੰਕਾ ਇਸਤ੍ਰੀ ਭਾਵਨਾ ਵਾਲੇ । 3. ਕੋਈ ਸਹਾਇਤਾ ਕਰ । 4. ਇਕ ਭਗਤਣੀ । 5. ਇਕ ਵੇਸਵਾ ਜੋ ਨਾਮ ਜਪ ਕੇ ਭਗਤਣੀ ਬਣੀ । 6. ਭਗਤੀ ਰੂਪ ਬੇੜੀ । 7. ਗੋਕਲ ਦਾ ਚੰਦ, ਭਾਵ ਕ੍ਰਿਸ਼ਨ । 8. ਓਟ, ਸ਼ਰਨ । 9. ਸਰਨ ਆਇਆਂ ਦੀ ਰਖਿਆ ਕਰਨ ਵਾਲਾ ਸੂਰਮਾ । 10. ਅਪਰਾਧ, ਕਸੂਰ, ਗਲਤੀ । 11. ਇਨਾਮ ਦੇ ਲਾਇਕ । 12. ਮਾਲਕ ਦਾ । 13. ਅਪਣਾਉ । 14. ਆਦਤ, ਸਭਾਉ । 15. ਮਾਲਕ । 16. ਡਰਾ ਕੇ ਨਹੀਂ ਹਟਾਉਂਦਾ ।

ਜੇ ਨਾਰ ਭਤਾਰੁ[1] ਵਸਾਵੈ ਨਾਹੀ, ਤਾ ਕਿਸ ਨੂੰ ਕੂਕਿ ਸੁਣਾਵੈ ।
ਸੇਵਕ ਨੂੰ ਜੇ ਸਾਹਿਬ ਮਾਰੇ, ਤਾ ਦੂਜਾ ਕਉਣ ਛਡਾਵੈ ।
ਨਾਨਕ ਪੰਥੀ ਭਣੈ ਦਰਬਾਰੀ, ਜਿਉ ਸਾਹਿਬ ਨੂੰ ਭਾਵੈ ॥ ੨੮੬ ॥
ਜੈਂਦੀ ਸਿਕਿ[2] ਤਿਸੇ ਦਾ ਸਿਕਾ[3], ਹੋਰੁ ਸਿਕਾ ਲਗੈ ਫਿਕਾ ।
ਸਿਕ ਮਿਲੀ ਬਿਨੁ ਮਿਲੈ ਨ ਸਜਣ, ਲਖਾਂ ਦੀ ਗਲ ਇਕਾ ।
ਵਿਚੇ ਵਸਦਾ ਦਿਸਿ ਨ ਆਵੈ ਜਿਚਰਕੁ ਵਿਚਿ ਅੜਿਕਾ ।
ਦਰਬਾਰੀ ਸਤਿਗੁਰ ਦਰਸਨ ਬਾਝਹੁ, ਨਜਰ ਨ ਆਵੈ ਟਿਕਾ[4] ॥ ੨੮੭ ॥
ਖਿਜਮਤ-ਗਾਰ[5] ਖਸਮ ਦਾ ਹੋਵੈ, ਸੋ ਖੌਫ ਖਸਮ[6] ਦਾ ਖਾਵੈ ॥
ਜਿਥੋ ਲਗਿ ਪਹੁਚਿ ਨਫਰ[7] ਦੀ ਹੋਵੈ, ਤਿਥੋਂ ਲਗਿ ਟਹਿਲ ਕਮਾਵੈ ।
ਜਿਥੈ ਪਹੁਚਿ ਨ ਸਕੈ ਸੇਵਕੁ, ਕਰ ਜੋਰੇ[8] ਅਰਜੁ ਸੁਣਾਵੈ ।
ਨਾਨਕ ਪੰਥੀ ਭਣੈ ਦਰਬਾਰੀ, ਸੋ ਸੇਵਕੁ ਸਾਹਿਬ ਭਾਵੈ ॥ ੨੮੮ ॥
ਖਿਜਮਤ-ਗਾਰ ਖਸਮ ਦਾ ਸੋਈ, ਜੋ ਖਾਤਰ[9] ਖੌਫੁ ਹੰਢਾਵੈ[10] ।
ਰਹੈ ਸੁਚੇਤ ਅਚੇਤ[11] ਨ ਹੋਵੈ, ਖਸਮਹੁ ਖਤਾ ਨ ਖਾਵੈ[12] ।
ਆਗਿਆ ਧਰੇ ਖਸਮ ਦੀ ਸਿਰਪਰ, ਜਰਾ ਨ ਜੋਰੁ ਜਣਾਵੈ ।
ਨਾਨਕ ਪੰਥੀ ਭਣੈ ਦਰਬਾਰੀ, ਸੋ ਸੇਵਕ ਸਾਹਿਬ ਭਾਵੈ ॥ ੨੮੯ ॥
ਦਾਦੀ[13] ਨਾਨੀ[14] ਸੰਗਿ ਹੰਢਾਵੈ, ਘਰ ਤੇ ਨਾਰ[15] ਨਿਕਾਰੇ ।
ਮਾਮੀ[16] ਮਾਸੀ[17] ਤਾਈ[18] ਤਿਆਗੇ, ਚਾਚੀ ਚਾਇ ਸੰਘਾਰੇ[19] ।
ਭੈਣ[20] ਭਾਣਜੀ[21] ਘਰਿ ਨਹਿ ਰਾਖੈ[22], ਸਕੈ ਬੀਰ ਸੰਘਾਰੇ[23] ।
ਨਾਨਕ ਪੰਥੀ ਭਣੈ ਦਰਬਾਰੀ, ਸੋ ਪਰਵਾਰੁ ਉਧਾਰੇ ॥ ੨੯੦ ॥
ਮਾਣਸ ਕਾ ਚਾਕੁਰੁ ਹੋਇ ਮਾਣਸੁ, ਡਰਦਾ ਕੰਮ ਸਵਾਰੇ ।
ਜੇ ਕੋ ਕਰੇ ਗੁਨਾਹ ਬੁਰਿਆਈ, ਤਾਂ ਨਕੁ ਕੰਨੁ ਕਟ ਡਾਰੇ ।
ਕਰੇ ਤਗੀਰੁ ਛਿਮਾਂਹੀ ਖੋਹੇ[24], ਨਗਰਹੁ ਤੁਰਤੁ ਨਿਕਾਰੇ ।
ਦਰਬਾਰੀ ਧੰਨੁ ਸਲਾਹੋ ਸਾਹਿਬ, ਰੋਜੀ ਰਬੁ ਨ ਟਾਰੇ ॥ ੨੯੧ ॥
ਸਭੇ ਚਾਕਰ ਸਾਹਿਬ ਕੇਰੇ, ਬੈਠੇ ਹੈ ਡਰੁ ਡਾਰੇ[25] ।
ਨਿੰਦਿਆ ਕਰਨ ਨ ਮੰਨਨਿ ਭਾਣਾ, ਮੁਖ ਤੇ ਗਾਰ ਉਚਾਰੇ ।
ਸਭੇ ਐਬ[26] ਵੇਖੇ ਸੰਗਿ ਸਾਹਿਬ, ਗੁਸਾ ਨ ਮਨ ਧਾਰੇ ।

---

1. ਪਤੀ । 2. ਜਿਸ ਦੇ ਮਿਲਣ ਦੀ ਤੀਬਰ ਇੱਛਾ ਹੋਵੇ । 3. ਹੁਕਮ । 4. ਤਿਲਕ ਰੂਪ ਪ੍ਰਮੇਸ਼ਰ । 5. ਸੇਵਕ । 6. ਮਾਲਕ । 7. ਨੌਕਰ 8. ਹੱਥ ਜੋੜ ਕੇ । 9. ਦਿਲੋਂ । 10. ਭੈ ਵਿਚ ਸਮਾਂ ਗੁਜ਼ਰਦਾ ਹੈ । 11. ਸੁਸਤ । 12. ਗਲਤੀ ਨਾ ਕਰੇ । 13. ਦਇਆ । 14. ਸਬੁੱਧੀ । 15. ਨਿੰਦਿਆ ਜਾਂ ਕੁਬੁੱਧੀ । 16. ਮਮਤਾ । 17. ਮਤਸਰ (ਈਰਖਾ) । 18. ਤਮਾ (ਲੋਭ ਬ੍ਰਿਤੀ) । 19. ਚੰਚਲਤਾ ਨੂੰ ਚੁੱਕ ਕੇ ਨਾਸ ਕਰ ਦੇਵੇ । 20. ਭੈ ਵਾਲੀ ਬ੍ਰਿਤੀ । 21. ਦ੍ਵੈਤ ਭਾਵਨਾ । 22. ਹਿਰਦੇ ਚ ਨ ਰਖੇ । 23. ਸਕੇ ਭਰਾ ਭਾਵ ਕਾਮ, ਕ੍ਰੋਧ ਲੋਭ ਮੋਹ ਹੰਕਾਰ । 24. ਬਦਲ ਦੇਂਦਾ ਹੈ ਜਾਂ ਛੇ ਮਹੀਨਿਆਂ ਦੀ ਤਨਖਾਹ ਖੋਹ ਲੈਂਦਾ ਹੈ । 25. ਡਰ ਤਿਆਗ ਕੇ । 26. ਦੋਸ਼, ਅਪਰਾਧ ।

ਦਰਬਾਰੀ ਧੰਨ ਸਾਲਾਹੋ ਸਾਹਿਬੁ, ਰੋਜੀ ਰਬ ਨ ਟਾਰ ॥ ੨੯੨ ॥
ਜਿਸੁ ਤੇ ਚੋਰੀ ਪਾਪ ਕਮਾਵਹਿ, ਸੋ ਵੇਖੇ ਤੇਰੇ ਨਾਲੇ ।
ਜਿਸੁ ਤੇ ਓਲ੍ਹਾ ਕੀਤਾ ਲੋੜਹਿ, ਸੋ ਨਾਲੇ ਨਜਰ ਨਿਹਾਲੇ[1] ।
ਤੂ ਅਖੀਂ ਮੀਟ ਅਨ੍ਹੇਰਾ ਕਰਦਾ, ਹੈ ਦਿਹਿ ਦੀਵੀ ਸੂਰ ਉਜਾਲੇ[2] ।
ਦਰਬਾਰੀ ਤਿਦਹਿ[3] ਕਉਣੁ ਛੁਡਾਵਗੁ, ਜਾਂ ਹੋਵਗੁ ਜਮਾ ਹਵਾਲੇ ॥ ੨੯੩ ॥

77029
14.10.91

1. ਨਿਗਾਹ ਨਾਲ ਵੇਖਦਾ ਹੈ । 2. ਦਿਨ ਦੇ ਦੀਵੇ ਸੂਰਜ ਦਾ ਚਾਨਣ ਹੈ । 3. ਤਿਸ ਦਿਨ।

Library IIAS, Shimla
P 928.9142 K 638 M
00077029